

ਜੇ ਜੀਵੈ ਪਤਿ ਲਥੀ ਜਾਇ ॥ ਸਭੁ ਹਰਾਮੁ ਜੇਤਾ ਕਿਛੁ ਖਾਇ ॥
(ਗੁਰੂ ਨਾਨਕ ਸਾਹਿਬ)

ਸਿੱਖ ਕੌਮ
ਦਾ
ਅਸਲੀ ਦੁਸ਼ਮਣ ਕੌਣ ?

ਲੇਖਕ : ਸਰੂਪ ਸਿੰਘ ਨਾਰੰਗ

ਪ੍ਰਕਾਸ਼ਕ : ਗੁਰੂ ਨਾਨਕ ਪ੍ਰਕਾਸ਼ਨ ਅਕੈਡਮੀ ਯੂ ਕੇ

ਜੇ ਜੀਵੈ ਪਤਿ ਲਥੀ ਜਾਇ ॥
ਸਭੁ ਹਰਾਮੁ ਜੇਤਾ ਕਿਛੁ ਖਾਇ॥
(ਗੁਰੂ ਨਾਨਕ ਸਾਹਿਬ)

ਸਿੱਖ ਕੌਮ
ਦਾ
ਅਸਲੀ ਦੁਸ਼ਮਣ ਕੌਣ?

ਲੇਖਕ : ਸਰੂਪ ਸਿੰਘ ਨਾਰੰਗ ਯੂਕੇ

ਜਿਸ ਹੀ ਕੀ ਸਿਰਕਾਰ ਹੈ ਤਿਸ ਹੀ ਕਾ ਸਭੁ ਕੋਇ ॥
(ਗੁਰੂ ਗਰੰਥ ਸਾਹਿਬ ਪੰ: 27)

ਸਿੱਖ ਕੌਮ ਦਾ ਅਸਲੀ ਦੁਸ਼ਮਣ ਕੌਣ?

ਲੇਖਕ : ਸਰੂਪ ਸਿੰਘ ਨਾਰੰਗ ਯੂਕੇ

ਪਹਿਲੀ ਵਾਰ ਨਵੰਬਰ 2000

ਕੁਲ ਪੁਸਤਕਾਂ 3500

ਮੁਲ 50P
Rs.30

ਪ੍ਰਕਾਸ਼ਕ :-

ਗੁਰੂ ਨਾਨਕ ਪ੍ਰਕਾਸ਼ਨ ਅਕੈਡਮੀ ਯੂਕੇ
ਤਰਸੇਮ ਸਿੰਘ ਟੈਲੀਫ਼ੂਨ 01902 608306
ਫ਼ੈਕਸ ਨੰਬਰ 01902 608339
Guru Nanak Parkashan Academy,
P.O. Box No 621, Wolverhampton (U.K.)

ਮੁੱਢਲੇ ਸ਼ਬਦ -1

ਸਭ ਤੋਂ ਪਹਿਲਾਂ ਮੈਂ ਗੁਰੂ ਨਾਨਕ ਪ੍ਰਕਾਸ਼ਨ ਅਕੈਡਮੀ ਵਲੋਂ ਸਾਰੇ ਸਿੱਖ ਜਗਤ ਅਤੇ ਸਮੁੱਚੀ ਮਨੁੱਖਤਾ ਨੂੰ ਜਗਤ ਰਹਿਬਰ ਗੁਰੂ ਨਾਨਕ ਸਾਹਿਬ ਦੇ ਪ੍ਰਕਾਸ਼ ਦਿਹਾੜੇ ਦੀ ਵਧਾਈ ਪੇਸ਼ ਕਰਨ ਦਾ ਮੌਕਾ ਲੈਂਦਾ ਹਾਂ। ਇਹ ਅਕੈਡਮੀ ਪੰਜਾਬੀ ਮਾਂ ਬੋਲੀ ,ਪੰਜਾਬੀ ਸਭਿਆਚਾਰ ਅਤੇ ਸਿੱਖ ਕੌਮ ਨਾਲ ਸਬੰਧਤ ਮਸਲਿਆਂ -ਸਿੱਖ ਧਰਮ, ਸਿੱਖ ਸਭਿਆਚਾਰ ਅਤੇ ਸਿੱਖ ਇਤਿਹਾਸ ਦੇ ਪ੍ਰਚਾਰ-ਪ੍ਰਸਾਰ ਲਈ ਪੁਸਤਕਾਂ ਛਪਵਾਉਣ ਦੀ ਨਿਸ਼ਕਾਮ ਸੇਵਾ ਕਰਦੀ ਹੈ। ਇਹ ਨਿਸ਼ਕਾਮ ਸੇਵਾ ਗੁਰੂ ਘਰਾਂ ਤੇ ਵਖ ਵਖ ਸੰਸਥਾਵਾਂ ਦੇ ਸਹਿਯੋਗ ਨਾਲ ਕੀਤੀ ਜਾਂਦੀ ਹੈ। ਇਸ ਤੋਂ ਪਹਿਲਾਂ ਪੰਜ ਪੁਸਤਕਾਂ ਪੰਜਾਬੀ ਤੇ ਅੰਗਰੇਜ਼ੀ ਵਿੱਚ ਛਪਵਾ ਕੇ ਵੰਡੀਆਂ ਜਾ ਚੁੱਕੀਆਂ ਹਨ। ਹੱਥਲਾ ਛੇਵਾਂ ਕਿਤਾਬਚਾ ਪੰਜਾਬੀ ਵਿੱਚ ਆਪ ਜੀ ਦੀ ਸੇਵਾ ਵਿੱਚ ਹਾਜ਼ਰ ਹੈ।

ਸਾਹਿਤਕਾਰ ਕੌਮਾਂ ਦੀ ਜਿੰਦ ਜਾਨ ਹੋਇਆ ਕਰਦੇ ਹਨ। ਕਿਸੇ ਕੌਮ ਜਾਂ ਦੇਸ਼ ਦੀ ਉਨਤੀ ਵਿੱਚ ਉਹਨਾਂ ਦਾ ਬਹੁਤ ਵੱਡਾ ਯੋਗਦਾਨ ਹੋਇਆ ਕਰਦਾ ਹੈ। ਕਿਸੇ ਕੌਮ ਦੀ ਅਜ਼ਾਦੀ ਦੇ ਸੰਘਰਸ਼ ਵਿੱਚ ਕਲਮ ਇਨਕਲਾਬ ਲਿਆ ਸਕਣ ਦੀ ਸ਼ਕਤੀ ਰੱਖਦੀ ਹੈ। ਸ.ਸਰੂਪ ਸਿੰਘ ਨਾਰੰਗ ਉਹਨਾਂ ਸਾਹਿਤਕਾਰਾਂ ਵਿੱਚੋਂ ਹਨ ਜਿਨ੍ਹਾਂ ਨੇ ਸਿੱਖ ਧਰਮ, ਸਿੱਖ ਸਭਿਆਚਾਰ ਅਤੇ ਸਿਆਸਤ 'ਤੇ ਕਈ ਪੁਸਤਕਾਂ ਤੇ ਕਿਤਾਬਚੇ ਲਿਖੇ ਹਨ। ਸਿੱਖ ਮਸਲਿਆਂ ਨੂੰ ਆਪ ਪੂਰੀ ਤਰ੍ਹਾਂ ਸਮਝਦੇ ਹਨ ਅਤੇ ਨਿਧੜਕ ਹੋਕੇ ਬਿਆਨਦੇ ਹਨ। ਸਿੱਖ ਸਾਹਿਤ ਵਿੱਚ ਬੜੀ ਦੇਰ ਤੋਂ ਇਕ ਅਜਿਹੇ ਕਿਤਾਬਚੇ ਦੀ ਘਾਟ ਮਹਿਸੂਸ ਕੀਤੀ ਜਾ ਰਹੀ ਸੀ, ਜੋ ਇਸ ਹਕੀਕਤ ਨੂੰ ਪੇਸ਼ ਕਰੇ ਕਿ ਸਿੱਖ ਕੌਮ ਦਾ ਅਸਲੀ ਦੁਸ਼ਮਣ ਕੌਣ ਹੈ ਅਤੇ ਦੋਸਤ ਕੌਣ। ਸ.ਨਾਰੰਗ ਨੇ ਇਸ ਘਾਟ ਨੂੰ ਪੂਰਾ ਕਰਨ ਦਾ ਬੜਾ ਹੀ ਸਫ਼ਲ ਉਪਰਾਲਾ ਕੀਤਾ ਹੈ। ਮੈਂ ਭਾਈ ਰਸ਼ਪਾਲ ਸਿੰਘ ਫ਼ੌਜੀ ਅਤੇ ਸ.ਅਮਰਜੀਤ ਸਿੰਘ ਜੀ ਦਾ ਧੰਨਵਾਦੀ ਹਾਂ ਜਿਨ੍ਹਾਂ ਨੇ ਖਰੜੇ ਦੀ ਸੁਧਾਈ ਵਿੱਚ ਯੋਗਦਾਨ ਪਾਇਆ ਹੈ।

ਸ.ਨਾਰੰਗ ਪਹਿਲੇ ਸਾਹਿਤਕਾਰ ਹਨ ਜੋ ਪਿਛਲੇ ਸੋਲ੍ਹਾਂ ਸਾਲਾਂ ਤੋਂ ਬ੍ਰਾਹਮਣਵਾਦ ਦੇ ਸਿੱਖ ਨਸਲ ਕੁਸ਼ੀ ਦੇ ਪਲਾਨ ਤੋਂ ਕੌਮ ਨੂੰ ਸੁਚੇਤ ਕਰਨ ਲਈ ਲਿਖਦੇ ਆ ਰਹੇ ਹਨ। ਇਸ ਕਿਤਾਬਚੇ ਦੇ ਅਖ਼ੀਰ 'ਤੇ ਆਰ.ਐਸ.ਐਸ. ਵਲੋਂ ਆਪਣੀਆਂ ਬਰਾਂਚਾਂ ਨੂੰ ਭੇਜੇ ਗੁਪਤ ਪੱਤਰ ਤੋਂ ਉਸ ਸਿੱਖ ਨਸਲਕੁਸ਼ੀ ਦੇ ਪਲਾਨ ਦੀ ਰੂਪ ਰੇਖਾ ਸਾਫ਼ ਵੇਖੀ ਜਾ ਸਕਦੀ ਹੈ। ਮੈਂ ਅਕੈਡਮੀ ਵਲੋਂ ਸ.ਸਰੂਪ ਸਿੰਘ ਨਾਰੰਗ ਦਾ ਦਿਲੋਂ ਧੰਨਵਾਦੀ ਹਾਂ ਜਿਨ੍ਹਾਂ ਨੇ ਥੋੜੇ ਜਿਹੇ ਸਮੇਂ ਵਿੱਚ ਸਾਨੂੰ ਇਹ ਕਿਤਾਬਚਾ ਲਿਖ ਕੇ ਦਿੱਤਾ ਹੈ। ਆਸ ਰੱਖਦਾ ਹਾਂ ਕਿ ਅੱਗੇ ਤੋਂ ਵੀ ਆਪ ਜੀ ਇਸੇ ਤਰ੍ਹਾਂ ਸਹਿਯੋਗ ਦੇਂਦੇ ਰਹਿਣਗੇ।

ਮੈਂ ਜਥੇਦਾਰ ਵਧਾਵਾ ਸਿੰਘ ਬੱਬਰ ਜੀ ਦਾ ਧੰਨਵਾਦੀ ਹਾਂ ਜਿਨ੍ਹਾਂ ਨੇ ਇਸ ਕਿਤਾਬਚੇ ਲਈ ਆਪਣੇ ਵਿਚਾਰ ਭੇਜ ਕੇ ਸਾਨੂੰ ਪਿਆਰ ਬਖ਼ਸ਼ਿਆ ਹੈ। ਦਾਸ ਦੀ ਅਰਦਾਸ ਹੈ ਕਿ ਵਾਹਿਗੁਰੂ ਆਪ ਜੀ ਨੂੰ ਸਦਾ ਚੜ੍ਹਦੀ ਕਲਾ ਵਿੱਚ ਰੱਖੇ। ਅੰਤ ਵਿੱਚ ਮੈਂ ਉਹਨਾਂ ਸਭਨਾਂ ਵੀਰਾਂ ਤੇ ਭੈਣਾਂ ਦਾ ਰਿਣੀ ਹਾਂ ਜਿਨ੍ਹਾਂ ਨੇ ਇਸ ਕਿਤਾਬਚੇ ਦੇ ਕੱਢਣ ਵਿੱਚ ਯੋਗਦਾਨ ਪਾਇਆ ਹੈ ਭਾਵੇਂ ਉਹ ਕਿਤਨਾ ਹੀ ਥੋੜਾ ਕਿਉਂ ਨਾ ਹੋਵੇ।

ਭਾਈ ਤਰਸੇਮ ਸਿੰਘ ਵਿਲਨਹਾਲ
ਗੁਰੂ ਨਾਨਕ ਪ੍ਰਕਾਸ਼ਨ ਅਕੈਡਮੀ ਯੂਕੇ

ਮੁੱਢਲੇ ਸ਼ਬਦ -2

ਸਾਹਿਬ ਸ੍ਰੀ ਗੁਰੂ ਨਾਨਕ ਪਾਤਿਸ਼ਾਹ ਜੀ ਨੇ ਮਨੁੱਖਤਾ ਨੂੰ ਬ੍ਰਾਹਮਣਵਾਦ ਦੇ ਜਾਲ ਵਿੱਚੋ ਨਿਕਲ ਕੇ ਗੁਰਮਤਿ ਸਿਧਾਤ ਅਨੁਸਾਰ ਜੀਊਣ ਦੀ ਜੀਵਨ ਜਾਚ ਬਖਸ਼ੀ। ਉਸ ਸਮੇ ਤੋ ਹੀ ਬ੍ਰਾਹਮਣਵਾਦੀ ਸੋਚ ਗੁਰਮਤਿ ਸਿਧਾਤ ਉੱਤੇ ਹਰ ਤਰਾ ਨਾਲ ਮਾਰੂ ਹਮਲੇ ਕਰ ਰਹੀ ਹੈ।। ਸ੍ਰੀ ਗੁਰੂ ਨਾਨਕ ਦੇਵ ਜੀ ਤੋ ਲੈ ਕੇ ਦਸ ਗੁਰੂ ਸਾਹਿਬਾਨਾ ਨੇ ਮਨੁੱਖਤਾ ਨੂੰ ਬ੍ਰਾਹਮਣ ਵੱਲੋ ਫੈਲਾਏ ਫੋਕੇ ਕਰਮ ਕਾਡਾ ਦੀ ਨਿਸ਼ਾਨਦੇਹੀ ਕਰਕੇ ਇੱਕ ਸੱਚੇ ਪ੍ਰਭੂ ਦੀ ਭਗਤੀ ਕਰਨ ਲਈ ਪ੍ਰੇਰਿਆ ਪਰ ਅੱਜ ਦੇ ਭਰਿਸ਼ਟ ਸਿਆਸੀ ਲੀਡਰ ਸਿੱਖ ਕੌਮ ਨੂੰ ਬ੍ਰਾਹਮਣਵਾਦੀਆ ਨਾਲ ਭਾਈਚਾਰਕ ਸਾਝ ਦੇ ਰਸਤੇ ਪਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਅਜਿਹਾ ਕਰਕੇ ਉਹ ਬ੍ਰਾਹਮਣਵਾਦ ਦੇ ਅਧੀਨ ਰੱਖਣਾ ਚਾਹੁੰਦੇ ਹਨ। ਸਿੱਖ ਕੌਮ ਅਤੇ ਬ੍ਰਾਹਮਣਵਾਦੀ ਵਿਚਾਰਧਾਰਾ ਵਿੱਚ ਬਹੁਤ ਡੂੰਘਾ ਵਿਚਾਰਧਾਰਕ ਵਖਰੇਵਾ ਹੈ। ਬਿਪਰਨ ਕੀ ਰੀਤ ਅਤੇ ਗੁਰਮਤਿ ਦਾ ਕੋਈ ਦੂਰ ਦਾ ਵੀ ਸਬੰਧ ਨਹੀ ਹੈ। ਜਿਹੜੀਆ ਕੌਮਾ ਆਪਣੇ ਦੁਸ਼ਮਣ ਦੀ ਸਹੀ ਪਛਾਣ ਕਰਕੇ, ਉਸ ਤੋ ਸੁਚੇਤ ਹੋ ਕੇ ਨਹੀ ਚਲਦੀਆ, ਉਹ ਕਦੇ ਵੀ ਸਥਿਰ ਨਹੀ ਰਹਿੰਦੀਆ। ਆਖਿਰ ਨੂੰ ਆਪਣੇ ਦੁਸ਼ਮਣ ਦੀਆ ਗੁੱਝੀਆ ਚਾਲਾ ਦੇ ਵਿਛਾਏ ਜਾਲ ਤਹਿਤ ਜਾ ਤਾ ਗੁਲਾਮੀ ਦੀਆ ਬੇੜੀਆ ਪੁਆ ਲੈਦੀਆ ਹਨ ਅਤੇ ਜਾ ਫਿਰ ਦੁਨੀਆ ਦੇ ਇਤਿਹਾਸਕ ਨਕਸ਼ੇ ਤੋ ਨੇਸਤੋ ਨਾਬੂਦ ਹੋ ਜਾਦੀਆ ਹਨ। ਇਸ ਲਈ ਸਾਨੂੰ ਆਪਣੇ ਅਸਲੀ ਦੁਸ਼ਮਣ ਬ੍ਰਾਹਮਣਵਾਦ, ਅਤੇ ਉਸ ਦੀ ਗੁੱਝੀਆ ਅਤੇ ਭਿਆਨਕ ਚਾਲਾ ਤੋ ਬਚਣਾ ਚਾਹੀਦਾ ਹੈ।

ਸ੍ਰ: ਸਰੂਪ ਸਿੰਘ ਨਾਰੰਗ ਨੇ ਹਥਲੇ ਕਿਤਾਬਚੇ ਵਿੱਚ ਜਿਸ ਤਰਾ ਖੋਜ ਕਰਕੇ ਸੁਚੱਜੇ ਢੰਗ ਨਾਲ ਸਪੱਸ਼ਟ ਰੂਪ ਵਿੱਚ ਨਿਖਾਰ ਕੇ ਸਿੱਖ ਕੌਮ ਦੇ ਅਸਲੀ ਦੁਸ਼ਮਣ ਬ੍ਰਾਹਮਣ ਦੀ ਪਛਾਣ ਕਰਾਈ ਹੈ, ਉਹ ਬਹੁਤ ਹੀ ਸਲਾਹੁਣਯੋਗ ਹੈ। ਕਿਸੇ ਵੀ ਕੌਮ ਨੂੰ ਚੜ੍ਹਦੀ ਕਲਾ ਵਿੱਚ ਲਿਜਾਣ ਲਈ ਉਸ ਦੇ ਲਿਖਾਰੀਆ ਦਾ ਬਹੁਤ ਵੱਡਾ ਯੋਗਦਾਨ ਹੋਇਆ ਕਰਦਾ ਹੈ। ਜਿਹੜੀਆ ਕਲਮਾ ਦੁਸ਼ਮਣ ਦੇ ਡਰ ਜਾ ਕਿਸੇ ਲਾਲਚ ਵੱਸ ਹੋ ਕੇ ਆਪਣਾ ਰੁੱਖ ਬਦਲ ਲੈਦੀਆ ਹਨ ਉਹ ਇਤਿਹਾਸ ਦੀ ਦੇਣਦਾਰ ਹੋਇਆ ਕਰਦੀਆ ਹਨ ਅਤੇ ਜਿਹੜੀਆ ਕਲਮਾ ਨਿਡਰ ਹੋ ਕੇ ਕੌਮਾ ਨੂੰ ਸਹੀ ਸੇਧ ਦਿੰਦੀਆ ਹਨ, ਉਹ ਇਤਿਹਾਸ ਦੀ ਸਿਰਜਣਾ ਦਾ ਪ੍ਰੇਰਨਾ ਸਰੋਤ ਬਣਦੀਆ ਹਨ। ਸਰਦਾਰ ਸਰੂਪ ਸਿੰਘ ਨਾਰੰਗ ਦੀ ਲੇਖਣੀ ਵਿੱਚ ਸਪੱਸ਼ਟਤਾ ਦੇ ਨਾਲ ਨਾਲ ਜੁਰਅਤਮੰਦੀ ਸਾਫ ਨਜ਼ਰ ਆਉਦੀ ਹੈ।

ਦਾਸ ਸਮੁੱਚੀ ਸਿੱਖ ਕੌਮ ਨੂੰ ਅਪੀਲ ਕਰਦਾ ਹੈ ਕਿ ਆਪਣੇ ਅਸਲੀ ਦੁਸ਼ਮਣ ਬ੍ਰਾਹਮਣ ਨਾਲ ਨਜਿੱਠਣ ਦਾ ਇਹੀ ਤਰੀਕਾ ਹੈ, ਗੁਰਮਤਿ ਦੇ ਸਿਧਾਤ ਤੇ ਪਹਿਰਾ ਦੇਣਾ ਅਤੇ ਗੁਰਮਤਿ ਦੇ ਸਿਧਾਤ ਉੱਤੇ ਹੋਣ ਵਾਲੇ ਹਰ ਹਮਲੇ ਦਾ ਡਟ ਕੇ ਮੁਕਾਬਲਾ ਕਰਨਾ। ਇਸ ਲਈ ਆਓ ! ਆਪਾ ਰੋਜ਼ ਰੋਜ਼ ਸਿੱਖੀ ਉੱਤੇ ਹੁੰਦੇ ਹਮਲਿਆ ਨੂੰ ਖਤਮ ਕਰਨ ਲਈ ਹੰਭਲਾ ਮਾਰੀਏ ਅਤੇ ਆਪਣਾ ਅਜ਼ਾਦ ਦੇਸ਼ ਖਾਲਿਸਤਾਨ ਪ੍ਰਾਪਤ ਕਰਕੇ ਸਿੱਖੀ ਸਿਧਾਤ ਅਨੁਸਾਰ ਸਵੈਮਾਣ ਵਾਲਾ ਜੀਵਨ ਜੀ ਸਕੀਏ।

ਦਾਸਰਾ

ਵਧਾਵਾ ਸਿੰਘ ਬੱਬਰ

ਮੁੱਖ ਸੇਵਾਦਾਰ, ਬੱਬਰ ਖਾਲਸਾ ਇੰਟਰਨੈਸ਼ਨਲ

ਸਿੱਖ ਕੌਮ ਦਾ ਅਸਲੀ ਦੁਸ਼ਮਣ ਕੌਣ ?

ਜੇ ਸੰਨ 1947 ਵਿੱਚ ਸਿਖ ਲੀਡਰਾਂ ਮੁਸਲਮਾਨ ਲੀਡਰਾਂ ਵਾਂਗ ਸੂਝ-ਬੂਝ, ਦੂਰਦ੍ਰਿਸ਼ਟੀ ਅਤੇ ਦ੍ਰਿੜਤਾ ਤੋਂ ਕੰਮ ਲਿਆ ਹੁੰਦਾ ਅਤੇ ਗੁਰੂ ਨਾਨਕ ਸਾਹਿਬ ਦੇ ਮਹਾਨ ਵਾਕ 'ਵਖਤੁ ਵਿਚਾਰੇ ਸੁ ਬੰਦਾ ਹੋਇ' ਵਿਚਲੇ ਸੱਚ ਦੇ ਰਾਜ਼ ਨੂੰ ਪਛਾਣਿਆ ਹੁੰਦਾ, ਤਾਂ ਅੱਜ ਸਾਡੀ ਇਹ ਦੁਰਦੱਸ਼ਾ ਨਾ ਹੋਈ ਹੁੰਦੀ। ਜਦ ਸਿਖ ਕੌਮ ਦੀ ਤਕਦੀਰ ਘੜੀ ਜਾ ਰਹੀ ਸੀ, ਜਦ ਲੋਹਾ ਗਰਮ ਸੀ, ਗਰਮ ਲੋਹੇ 'ਤੇ ਹੋਸ਼ ਦੀ ਰਾਜਨੀਤਕ ਸੱਟ ਮਾਰਨ ਦਾ ਜਦ ਵੇਲਾ ਸੀ, ਤਾਂ ਉਦੋਂ (ਹਿੰਦੂ ਤੋਂ ਬਣੇ) ਸਿਖ ਲੀਡਰ ਮਾਸਟਰ ਤਾਰਾ ਸਿੰਘ ਨੇ ਬ੍ਰਾਹਮਣ-ਬਾਣੀਏ ਨੂੰ ਸਿਖ ਕੌਮ ਦਾ ਦੋਸਤ ਚੁਣਿਆ ਸੀ। ਆਓ, ਬ੍ਰਾਹਮਣਵਾਦ ਦੇ ਖ਼ਾਸੇ, ਉਸ ਦੇ ਇਤਿਹਾਸ ਅਤੇ ਉਸ ਦੇ ਕਿਰਦਾਰ 'ਤੇ ਇਕ ਪੰਛੀ ਝਾਤ ਮਾਰ ਕੇ ਵੇਖੀਏ ਕਿ ਉਹ ਕਿਹੋ ਜਿਹਾ ਦੋਸਤ ਨਿਕਲਿਆ?

ਕਿਸੇ ਕੌਮ ਦੇ ਖ਼ਾਸੇ ਨੂੰ ਜਾਣਨ ਲਈ, ਉਸ ਕੌਮ ਦੇ ਇਤਿਹਾਸਕ ਪਿਛੋਕੜ 'ਤੇ ਸੰਖੇਪ ਝਾਤ ਮਾਰਨੀ ਜ਼ਰੂਰੀ ਹੈ ਕਿਉਂਕਿ ਇਤਿਹਾਸ ਇੱਕ ਅਜਿਹਾ ਦਰਪਣ ਹੈ ਜਿਸ ਵਿੱਚੋਂ ਕਿਸੇ ਕੌਮ ਦਾ ਅੱਗਾ-ਪਿਛਾ ਵੇਖਿਆ ਜਾ ਸਕਦਾ ਹੈ, ਜਾਂਚਿਆ ਜਾ ਸਕਦਾ ਹੈ ਅਤੇ ਉਸ ਕੌਮ ਦੀ ਸਹੀ ਤੇ ਮੁਕੰਮਲ ਤਸਵੀਰ ਦਾ ਅਕਸ ਵੇਖਿਆ ਜਾ ਸਕਦਾ ਹੈ। ਇਤਿਹਾਸ ਕਿਸੇ ਕੌਮ ਦੇ ਕਾਰਨਾਮਿਆਂ, ਗੁਣਾਂ, ਖ਼ੂਬੀਆਂ, ਕਮਜ਼ੋਰੀਆਂ ਜਾਂ ਘਾਟਿਆਂ ਦਾ ਵਿਸਥਾਰ ਹੀ ਤਾਂ ਹੁੰਦਾ ਹੈ। ਜਿਹੋ ਜਿਹਾ ਇਤਿਹਾਸਕ ਪਿਛੋਕੜ ਅਤੇ ਜੋ ਕੁਝ ਕੋਈ ਕੌਮ ਪਿਛੇ ਕਰ ਚੁੱਕੀ ਹੈ ਜਾਂ ਕਰਦੀ ਆਈ ਹੈ, ਘਟ ਜਾਂ ਵੱਧ ਮਾਤਰਾ ਵਿੱਚ, ਉਹੋ ਕੁਝ ਹੀ ਉਹ ਅੱਗੇ ਨੂੰ ਕਰਦੀ ਹੈ। ਇਸੇ ਕਰਕੇ ਹੀ ਇਹ ਹਕੀਕਤ ਪ੍ਰਸਿਧ ਹੈ, ਕਿ ਇਤਿਹਾਸ ਮੁੜ ਮੁੜ ਆਪ ਨੂੰ ਦੁਹਰਾਇਆ ਕਰਦਾ ਹੈ ਅਤੇ ਇਸੇ ਕਰਕੇ ਹੀ ਇਤਿਹਾਸ ਕੌਮਾਂ ਦੀ ਜਿੰਦ ਜਾਨ ਸਮਝਿਆ ਜਾਂਦਾ ਹੈ। ਜਿਸ ਹਿੰਦੂ ਕੌਮ ਨੂੰ ਸਾਡੇ ਉਸ ਵਕਤ ਦੇ ਸਿਖ ਲੀਡਰਾਂ ਆਪਣਾ ਦੋਸਤ ਚੁਣਿਆ, ਆਓ, ਉਸ ਹਿੰਦੂ ਕੌਮ ਦੇ ਖ਼ਾਸੇ ਸਬੰਧੀ ਕੁਝ ਵਿਚਾਰ ਕਰੀਏ।

ਹਰ ਕੌਮ ਅੰਦਰ ਕੁਝ ਵਿਸ਼ੇਸ਼ ਖ਼ਾਸੇ ਹੁੰਦੇ ਹਨ, ਵਿਸ਼ੇਸ਼ ਗੁਣ-ਔਗੁਣ ਹੁੰਦੇ ਹਨ ਜਾਂ ਕੁਝ ਵਿਸ਼ੇਸ਼ ਖ਼ੂਬੀਆਂ ਕਮਜ਼ੋਰੀਆਂ ਹੁੰਦੀਆਂ ਹਨ, ਜਿਨ੍ਹਾਂ ਨਾਲ ਉਹ ਕੌਮ ਜਾਣੀ ਜਾਂਦੀ ਹੈ। ਹਿੰਦੂ ਕੌਮ ਦਾ ਸਾਰਾ ਇਤਿਹਾਸ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਆਪਣਾ ਮਤਲਬ ਕੱਢਣ ਲਈ ਜਾਂ ਮੌਕਾ ਟਪਾਉਣ ਲਈ ਹਿੰਦੂ ਕੁਝ ਵੀ ਕਰ ਸਕਦਾ ਹੈ। ਆਪਣੇ ਫ਼ਾਇਦੇ ਲਈ ਸਹੁੰਆਂ-ਸੁਗੰਦਾਂ ਖਾ ਲੈਣੀਆਂ ਕੋਈ ਨਵੀਂ ਗੱਲ

ਨਹੀਂ, ਇਤਿਹਾਸ ਭਰਿਆ ਪਿਆ ਹੈ ਅਜਿਹੇ ਪਰਮਾਣਾਂ ਨਾਲ। ਦਿਲ ਵਿੱਚ ਹੋਰ, ਕਹਿਣਾ ਹੋਰ ਅਤੇ ਕਰਣਾ ਕੁਝ ਹੋਰ ਹਿੰਦੂ ਕਿਰਦਾਰ ਦਾ ਖਾਸਾ ਹੈ ਅਤੇ ਇਸ ਦਾ ਇਹ ਖ਼ਾਸਾ, 'ਹਾਥੀ ਦੇ ਖਾਣ ਦੇ ਦੰਦ ਹੋਰ ਤੇ ਵਿਖਾਉਣ ਦੇ ਹੋਰ' ਦੀ ਪ੍ਰਸਿਧ ਕਹਾਵਤ ਤੇ ਬਿਲਕੁਲ ਪੂਰਾ ਉਤਰਦਾ ਹੈ। ਨਹਿਰੂ ਵਰਗੇ ਚਾਤੁਰ ਸਿਆਸਤਦਾਨ ਹਮੇਸ਼ਾ ਇਸ ਵਿਚਾਰ ਦੇ ਧਾਰਨੀ ਰਹੇ ਕਿ ਸੱਚ ਕਦੀ ਸਪਸ਼ਟ ਬੋਲਣਾ ਨਹੀਂ, ਧੋਖਾ ਦੇ ਸਕਣ ਅਤੇ ਵਿਸ਼ਵਾਸਘਾਤ ਕਰਨ ਦੇ ਸਾਰੇ ਰਾਹ ਖੁਲ੍ਹੇ ਰੱਖਣੇ ਹਨ। ਅਜ਼ਾਦੀ ਤੋਂ ਪਹਿਲਾਂ, ਇਕ ਵਾਰ ਸੈਂਟਰਲ ਅਸੈਂਬਲੀ ਦਿੱਲੀ ਵਿੱਚ ਬੋਲਦਿਆਂ, ਜਵਾਹਰ ਲਾਲ ਨਹਿਰੂ ਨੇ ਬੜੇ ਫ਼ਖਰ ਨਾਲ ਹੇਠ ਲਿਖੇ ਸ਼ਬਦ ਕਹੇ, ਜਿਨ੍ਹਾਂ ਤੋਂ ਸਪਸ਼ਟ ਹੈ ਕਿ ਧੋਖਾ ਦੇਣਾ, ਝੂਠ ਬੋਲਣਾ ਅਤੇ ਵਾਅਦੇ ਤੋਂ ਮੁਕਰਨ ਦੇ ਰਾਹ ਖੁਲ੍ਹੇ ਰੱਖਣ ਵਿੱਚ ਨਿਪੁੰਨ ਹੋਣਾ ਹੀ ਇਕ ਸਫ਼ਲ ਸਿਆਸਤਦਾਨ ਹੋਣਾ ਹੈ –

ਬਾਤ ਵੁਹ ਕਹੀਏ ਕਿ ਜਿਸ ਕੇ ਸੌ ਪਹਿਲੂ ਹੋਂ,
ਕੋਈ ਪਹਿਲੂ ਤੋ ਰਹੇ ਬਾਤ ਬਦਲਨੇ ਕੇ ਲੀਏ ।

ਮਿੱਠੇ ਬਣਕੇ, ਆਪਣੇ ਬਣਕੇ, ਡੰਡੀ ਨੂੰ ਠੂੰਗਾ ਮਾਰਕੇ ਘੱਟ ਤੋਲਣ ਨੂੰ ਹਿੰਦੂ ਜਗਤ ਵਿੱਚ ਸਫ਼ਲ ਵਪਾਰਕ ਜੁਗਤੀ ਸਮਝੀ ਜਾਂਦੀ ਹੈ। 'ਮੂੰਹ ਵਿੱਚ ਰਾਮ ਰਾਮ ਤੇ ਬਗ਼ਲ ਵਿੱਚ ਛੁਰੀ' ਦਾ ਅਖਾਣ ਸ਼ਾਇਦ ਹਿੰਦੂ ਦੇ ਇਸੇ ਖਾਸੇ 'ਤੇ ਹੀ ਨਿਰਧਾਰਿਤ ਹੋਇਆ ਜਾਪਦਾ ਹੈ। ਹਿੰਦੂ ਸਿਆਸਤ ਦਾ ਆਧਾਰ ਚਾਣਕੀਆ ਨੀਤੀ ਹੈ। ਦੁਸ਼ਮਣ ਨੂੰ ਧੋਖੇ ਨਾਲ ਮਾਰਨਾ ਇਸ ਨੀਤੀ ਦਾ ਖ਼ਾਸਾ ਹੈ। ਆਪਣੇ ਵਿਰੋਧੀ ਨੂੰ ਖ਼ਤਮ ਕਰਨ ਲਈ ਹਿੰਦੂ ਨੀਤੀਕਾਰ ਚਾਣਕਿਆ ਨੇ ਦੰਡ, ਦਾਮ, ਸਾਮ ਅਤੇ ਭੇਦ ਦੇ ਚਾਰ ਹਥਿਆਰ ਵਰਤਣ ਦੀਆਂ ਜੁਗਤੀਆਂ ਦੱਸੀਆਂ ਹਨ। ਆਪਣੇ ਦੁਸ਼ਮਣ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਦੇਣੀ, ਵਿਰੋਧੀ ਨੂੰ ਧਨ ਦੇ ਜ਼ੋਰ ਨਾਲ ਖ਼ਰੀਦ ਲੈਣਾ, ਲੋੜ ਪੈਣ ਤੇ ਗਧੇ ਨੂੰ ਵੀ ਬਾਪੂ ਕਹਿ ਕੇ ਜਾਨ ਛੁੜਾ ਲੈਣੀ, ਅੰਦਰੋਂ ਸੰਨ ਲਾਉਣੀ, ਬੁਕੱਲ ਦਾ ਸੱਪ ਬਣ ਕੇ ਡੰਗਣਾ ਅਤੇ ਧੋਖੇ ਨਾਲ ਵਾਰ ਕਰ ਕੇ ਵਿਰੋਧੀ ਨੂੰ ਮਾਰ ਮੁਕਾਣਾ ਇਸ ਨੀਤੀ ਦਾ ਧੁਰਾ ਹੈ। ਦੂਜਿਆਂ ਦੀ ਕਮਾਈ ਉਤੇ ਪਲਣਾ ਹੈ ਅਤੇ ਜਿਸ ਥਾਲੀ ਵਿੱਚ ਖਾਣਾ ਹੈ, ਉਸ ਵਿੱਚ ਹੀ ਛੇਦ ਕਰਨਾ ਹੈ। ਜਿਸ ਨੇ ਵੀ ਅੱਜ ਤਕ ਬ੍ਰਾਹਮਣਵਾਦ 'ਤੇ ਇਤਬਾਰ ਕੀਤਾ ਹੈ, ਉਸ ਨਾਲ ਹੀ ਇਸ ਨੇ ਵਿਸ਼ਵਾਸਘਾਤ ਕੀਤਾ ਹੈ। ਜਿਸ ਦਾ ਵੀ ਇਸ ਨੇ ਖਾਧਾ, ਉਸੇ ਦਾ ਨਮਕ ਹਰਾਮ ਕੀਤਾ ਹੈ। ਇਹ ਹਿੰਦੂ ਸੁਨਹਿਰੀ ਇਤਿਹਾਸ ਦਾ ਹਿੱਸਾ ਹੈ।

ਬ੍ਰਾਹਮਣਵਾਦ ਦੀ ਸੋਚ ਹਜ਼ਾਰਾਂ ਸਾਲਾਂ ਦੀ ਪੁਰਾਣੀ ਤੇ ਗਲੀ-ਸੜੀ ਵਿਚਾਰਧਾਰਕ ਸੋਚ ਹੈ, ਜਿਹੜੀ ਦੁਨੀਆ ਭਰ ਵਿੱਚ ਨਕਾਰੀ ਜਾ ਚੁੱਕੀ ਹੈ। ਇਹ ਮਨੁੱਖਤਾ ਅੰਦਰ ਵਖਰੇਵੇਂ ਤੇ ਵੰਡੀਆਂ ਪਾਉਣ ਵਾਲਾ ਬੜਾ ਖ਼ਤਰਨਾਕ ਪੁਰਾਣਾ

ਫ਼ਲਸਫ਼ਾ ਹੈ ਅਤੇ ਨਾਜ਼ੀਵਾਦ ਵਾਂਗ ਨਸਲਵਾਦ ਤੇ ਪਸਾਰਵਾਦ ਦਾ ਧਾਰਨੀ ਹੈ ਅਤੇ ਇਹ ਫ਼ਲਸਫ਼ਾ ਮਨੁੱਖ ਵਿਰੋਧੀ ਹੈ। ਮਨੁੱਖੀ ਨਸਲ ਨਾਲ ਜਿਤਨੀ ਬੇਇਨਸਾਫ਼ੀ, ਜਿਤਨਾ ਦੁਰਵਿਵਹਾਰ, ਜਿਤਨਾ ਅਨਰਥ, ਜਿਤਨੇ ਜ਼ੁਲਮ ਅਤੇ ਜਿਤਨੇ ਅਤਿਆਚਾਰ ਇਸ ਫ਼ਲਸਫ਼ੇ ਨੇ ਕੀਤੇ, ਉਤਨੇ ਅਜ ਤਕ ਦੇ ਸਾਰੇ ਜ਼ਾਲਮ ਡਿਕਟੇਟਰਾਂ ਨੇ ਵੀ ਨਹੀਂ ਕੀਤੇ ਹੋਣੇ। ਉਹ ਡਿਕਟੇਟਰ ਤਾਂ ਸਮੇਂ-ਸਮੇਂ ਆਉਂਦੇ ਰਹੇ, ਕੁਝ ਸਾਲ ਜ਼ੁਲਮ ਕਰਕੇ ਖ਼ਤਮ ਹੋ ਜਾਂਦੇ ਰਹੇ ਪਰੰਤੂ ਬ੍ਰਾਹਮਣਵਾਦੀ ਫ਼ਲਸਫ਼ੇ ਦੇ ਅਨਰਥ ਤਾਂ ਹਜ਼ਾਰਾਂ ਸਾਲਾਂ ਤੋਂ ਕਰੋੜਾਂ ਮਨੁੱਖ ਹੰਢਾਉਂਦੇ ਆ ਰਹੇ ਹਨ ਅਤੇ ਅੱਜ ਵੀ ਹੰਢਾ ਰਹੇ ਹਨ। ਬ੍ਰਾਹਮਣਵਾਦ ਦੀ ਇਸ ਬੀਮਾਰ ਸੋਚ ਨੇ ਹੀ ਭਾਰਤੀਆਂ ਵਿੱਚੋਂ ਸ੍ਵੈ-ਵਿਸ਼ਵਾਸ, ਸ੍ਵੈ-ਮਾਣ ਅਤੇ ਅਜ਼ਾਦੀ ਦੀ ਸਪਿਰਿਟ ਨੂੰ ਖ਼ਤਮ ਕੀਤਾ ਸੀ। ਡ. ਅੰਬੇਦਕਰ ਦਾ ਕਥਨ ਹੈ ਕਿ ਡਾਕੂ ਮਾਲ-ਅਸਬਾਬ ਲੁੱਟਦਾ ਹੈ, ਬਾਣੀਆ ਧੋਖਾ ਦੇਕੇ ਸੰਪਤੀ ਖੋਂਹਦਾ ਹੈ, ਪਰ ਬ੍ਰਾਹਮਣ ਤਾਂ ਮਨੁੱਖ ਦੀ ਅਕਲ, ਜ਼ਮੀਰ ਤੇ ਸੋਚ-ਸ਼ਕਤੀ ਨੂੰ ਹੀ ਲੁਟ ਲੈਂਦਾ ਹੈ।

ਯਹੂਦੀਆਂ ਨੂੰ ਖ਼ਤਮ ਕਰ ਦੇਣ ਦੇ ਸਮਰਥਕ ਜਰਮਨ ਫ਼ਿਲਾਸਫ਼ਰ ਨੀਟਸ਼ੇ ਨੇ ਲਿਖਿਆ ਹੈ ਕਿ ਫ਼ਾਸ਼ੀਵਾਦ ਦੀ ਥਿਊਰੀ ਉਸ ਨੇ ਮਨੂਵਾਦ ਕੋਲੋਂ ਹੀ ਲਈ ਸੀ। ਮਨੂਵਾਦ ਦੀ ਫ਼ਿਲਾਸਫ਼ੀ ਨੇ ਹੀ ਹਿਟਲਰ ਨੂੰ ਤਬਾਹੀ ਦੇ ਰਾਹੇ ਪਾਇਆ ਸੀ। ਹੁਣ ਬ੍ਰਾਹਮਣਵਾਦ ਆਪ ਵੀ ਨਾਜ਼ੀ ਹਿਟਲਰ ਦੇ ਨਕਸ਼ੇ ਕਦਮ 'ਤੇ ਹੀ ਚਲ ਰਿਹਾ ਹੈ। ਇਸ ਦਾ ਧਾਰਮਿਕ ਨਿਸ਼ਾਨ ਅਤੇ ਨਾਜ਼ੀ ਜਰਮਨੀ ਦਾ ਨਿਸ਼ਾਨ ਵੀ ਇਕੋ ਹੈ। ਇਸ ਦੀ ਵਰਨ ਵੰਡ ਦੀ ਮਨੂਵਾਦੀ ਸੋਚ ਵੀ ਨਾਜ਼ੀ ਸੋਚ ਨਾਲ ਮੇਲ ਖਾਂਦੀ ਹੈ। ਇਸ ਸੋਚ ਮੁਤਾਬਕ ਆਪਣੇ ਆਪ ਨੂੰ ਇਹ ਸਭ ਤੋਂ ਸ੍ਰੇਸ਼ਟ, ਰੱਬ ਵਲੋਂ ਸਭ ਉਤੇ ਰਾਜ ਕਰਨ ਯੋਗ ਅਤੇ ਸਭ ਨੂੰ ਜੀਵਨ ਰਾਹ ਵਿਖਾਣ ਵਾਲਾ ਸਮਝਦਾ ਹੈ ਅਤੇ ਬਾਕੀ ਸਭ ਨੂੰ ਘਟੀਆ ਸਮਝ ਕੇ ਉਹਨਾਂ ਨਾਲ ਗ਼ੁਲਾਮਾਂ ਤੇ ਪਸ਼ੂਆਂ ਵਾਲਾ ਸਲੂਕ ਕਰਦਾ ਹੈ। ਜਿਵੇਂ ਹਿਟਲਰ ਨੇ ਸ੍ਰੇਸ਼ਟ ਜਰਮਨ ਕੌਮ ਦੇ ਸਾਰੀ ਦੁਨੀਆ ਉਤੇ ਰਾਜ ਕਰਨ ਦੇ ਸੁਪਨੇ ਲਏ ਸਨ, ਤਿਵੇਂ ਹੀ ਬ੍ਰਾਹਮਣਵਾਦ ਬਾਕੀ ਸਭ ਕੌਮਾਂ ਨੂੰ ਮਿਟਾ ਦੇਣਾ ਚਾਹੁੰਦਾ ਹੈ ਅਤੇ ਸਾਰੇ ਭਾਰਤੀ ਉਪ ਮਹਾਂਦੀਪ ਤੇ ਹਿੰਦੂ ਰਾਜ ਸਥਾਪਤ ਕਰਨ ਦੇ ਸੁਪਨੇ ਲੈ ਰਿਹਾ ਹੈ।

ਇਹ ਫ਼ਾਸ਼ੀ ਬ੍ਰਾਹਮਣਵਾਦ ਭਾਰਤ ਨੂੰ ਅਖੰਡ ਕਰਨ ਦੀ ਧੁਨ ਵਿੱਚ ਹੈ। ਹਿਟਲਰ ਨੇ ਵੀ ਸੱਤਾ ਹਥਿਆਉਣ ਮਗਰੋਂ ਜਰਮਨ ਕੌਮ ਦੀ ਉਤੱਮਤਾ ਦਾ ਨਾਅਰਾ ਮਾਰਿਆ ਸੀ। ਹਿਟਲਰ ਕਹਿੰਦਾ ਹੁੰਦਾ ਸੀ ਕਿ ਯਹੂਦੀ ਵਰਗੀਆਂ ਕੌਮਾਂ ਨਾਲ ਰਾਸ਼ਟਰ ਦੀ ਨਸਲੀ ਪਵਿਤਰਤਾ ਵਿੱਚ ਮਿਲਾਵਟ ਪੈਦਾ ਹੋ ਜਾਂਦੀ ਹੈ। ਜਰਮਨ ਕੌਮ ਦੀ ਉਤੱਮਤਾ ਤੇ ਸ਼ੁਧੀ ਨੂੰ ਕਾਇਮ ਰੱਖਣ ਲਈ ਉਸ ਨਾ ਕੇਵਲ ਸੱਠ ਲੱਖ ਦੇ ਕਰੀਬ ਯਹੂਦੀਆਂ ਨੂੰ ਹੀ ਅਣਮਨੁੱਖੀ ਢੰਗ ਨਾਲ ਮਾਰ ਮੁਕਾਇਆ ਸੀ, ਸਗੋਂ ਲੱਖਾਂ ਜਿਪਸੀਆਂ ਨੂੰ ਵੀ ਖ਼ਤਮ ਕਰਵਾਇਆ ਸੀ। ਅਜ ਹਿੰਦੂ ਮੂਲਵਾਦੀ ਸਿੱਖਾਂ ਨਾਲ ਉਹੋ ਸਲੂਕ ਕਰ

ਰਹੇ ਹਨ, ਜੋ ਹਿਟਲਰ ਨੇ ਯਹੂਦੀਆਂ ਨਾਲ ਕੀਤਾ ਸੀ। ਅੱਠਤਰ ਦੀ ਖ਼ੂਨੀ ਵਿਸਾਖੀ ਤੋਂ ਜੋ ਕੁਝ ਸਿੱਖਾਂ ਨਾਲ ਹੋ ਰਿਹਾ ਹੈ, ਉਹ ਕਿਸੇ ਤੋਂ ਛੁਪਿਆ ਨਹੀਂ।

ਸਿੱਖ ਲੀਡਰਾਂ, ਤਿਲਕ-ਧੋਤੀਆਂ ਸਜਾਉਣ ਵਾਲੇ ਬ੍ਰਾਹਮਣਵਾਦੀ ਕਿਰਦਾਰ ਨੂੰ ਸਮਝਣ ਵਿੱਚ ਨਾ ਗੁਰੂ ਨਾਨਕ ਸਾਹਿਬ ਦੇ 'ਮਥੈ ਟਿਕਾ ਤੇੜਿ ਧੋਤੀ ਕਖਾਈ॥ ਹਥਿ ਛੁਰੀ ਜਗਤ ਕਾਸਾਈ॥' ਦੇ ਫ਼ੁਰਮਾਨ ਤੋਂ ਕੋਈ ਸਬਕ ਨਹੀਂ ਸਿਖਿਆ, ਨਾ ਗੁਰੂ ਅਰਜਨ ਸਾਹਿਬ ਦੇ 'ਨਾ ਹਮ ਹਿੰਦੂ ਨ ਮੁਸਲਮਾਨ' ਦੇ ਹੁਕਮ ਦੀ ਪ੍ਰਵਾਹ ਕੀਤੀ ਅਤੇ ਨਾ ਹੀਂ ਬ੍ਰਾਹਮਣਵਾਦ ਦੇ ਇਤਿਹਾਸਕ ਕਾਲੇ ਕਾਰਿਆਂ ਤੋਂ ਸਬਕ ਸਿੱਖਿਆ, ਸਗੋਂ ਤਿਲਕਧਾਰੀ ਮਨੂਵਾਦੀ ਠੱਗਾਂ ਨਾਲ ਰੋਟੀ-ਬੇਟੀ ਦੀਆਂ ਸਾਂਝਾਂ ਦੱਸਣ ਦੇ ਸਾਂਗ ਰਚਾਏ।

ਬ੍ਰਾਹਮਣਵਾਦੀ ਕਿਰਦਾਰ ਸਬੰਧੀ ਜੋ ਨਿਰਨਾ ਗੁਰੂ ਨਾਨਕ ਸਾਹਿਬ ਨੇ ਦਿੱਤਾ, ਉਹਦਾ ਅੱਖਰ ਅੱਖਰ ਸਦੀਵੀ ਸੱਚ ਹੋਕੇ ਸਾਡੇ ਸਾਹਮਣੇ ਆ ਰਿਹਾ ਹੈ। ਆਪ ਜੀ ਨੇ ਬ੍ਰਾਹਮਣ ਦੇ ਅਸਲੀ ਕਿਰਦਾਰ ਨੂੰ ਬੇ-ਨਕਾਬ ਕਰਦਿਆਂ ਫ਼ੁਰਮਾਇਆ ਸੀ ਕਿ ਦੂਹਰੀਆਂ ਤੀਹਰੀਆਂ ਧੋਤੀਆਂ ਸਜਾ, ਤਿਲਕ ਲਾ, ਗਲ ਵਿੱਚ ਮਾਲਾ ਪਾਈ ਬੈਠੇ ਬ੍ਰਾਹਮਣ ਧਰਮੀ ਦੇਵਤੇ ਨਹੀਂ ਸਨ, ਸਗੋਂ ਜਗਤ ਠੱਗ ਸਨ, ਜਗਤ ਲੋਟੂ ਸਨ ਅਤੇ ਜਗਤ ਕਸਾਈ ਸਨ। ਬਾਹਰੋਂ ਚਾਹੇ ਉਹ ਧਰਮੀ, ਭਜਨੀਕ, ਨੇਕ ਅਤੇ ਮੂੰਹ ਦੇ ਮਿੱਠੇ ਦਿਸਦੇ ਸਨ ਪਰੰਤੂ ਅੰਦਰੋਂ ਦਿਲ ਦੇ ਖੋਟੇ, ਕਠੋਰ-ਚਿਤ, ਗੰਦ ਦੇ ਪੂਰੇ ਤੇ ਪੱਕੇ, ਖ਼ੁਦਗਰਜ਼ ਅਤੇ ਜਗਤ ਕਸਾਈ ਸਨ। ਜਿਨ੍ਹਾਂ ਨੂੰ ਮਲੇਛ ਆਖਦੇ ਰਹੇ, ਉਹਨਾਂ ਦੀ ਹੀ ਬੋਲੀ ਬੋਲਣ ਵਿੱਚ ਫ਼ਖ਼ਰ ਕਰਦੇ ਰਹੇ, ਉਹਨਾਂ ਦੇ ਹੀ ਪਹਿਰਾਵੇ ਪਹਿਨਦੇ ਰਹੇ ਅਤੇ ਧੀਆਂ ਭੈਣਾਂ ਦੇ ਡੋਲੇ ਦੇਂਦੇ ਰਹੇ। ਜਿਨ੍ਹਾਂ ਨੂੰ ਨੀਵੀਂ ਜਾਤ ਆਖਦੇ ਰਹੇ, ਉਹਨਾਂ ਦੀ ਹੀ ਕਮਾਈ ਨਾਲ ਢਿੱਡ ਭਰਦੇ ਰਹੇ ਅਤੇ ਉਹਨਾਂ ਦਾ ਹੀ ਧਾਨ ਖਾਂਦੇ ਰਹੇ। ਚੰਦੂ, ਗੰਗੂ, ਜਲ੍ਹੇ, ਡੋਗਰੇ ਭਰਾਵਾਂ ਅਤੇ ਗਾਂਧੀ ਨਹਿਰੂ ਤੋਂ ਲੈਕੇ ਅੱਜ ਤਕ ਦੇ ਚਿੱਟੀਆਂ ਧੋਤੀਆਂ ਟੋਪੀਆਂ ਵਾਲੇ ਲੋਟੂ ਕਾਂਗਰਸੀਆਂ ਅਤੇ ਆਰ. ਐਸ. ਐਸ. ਦਾ ਕਿਰਦਾਰ ਸਾਡੇ ਸਾਹਮਣੇ ਹੈ। ਇਹ ਕਿਤਨੇ ਜ਼ੁਲਮ ਤੇ ਅਨਰਥ ਕਰਦੇ ਰਹੇ ਤੇ ਕਰ ਰਹੇ ਹਨ; ਕਿਤਨੀ ਨਿਰਦੈਤਾ ਤੇ ਕਿਤਨੇ ਵਹਿਸ਼ੀਆਨਾ ਢੰਗ ਨਾਲ ਇਹ ਮੁਸਲਮਾਨਾਂ ਅਤੇ ਸਿੱਖਾਂ ਦਾ ਕਤਲੇਆਮ ਕਰਦੇ ਰਹੇ ਤੇ ਕਰ ਰਹੇ ਹਨ।

ਇਤਿਹਾਸ ਗਵਾਹ ਹੈ ਕਿ ਬ੍ਰਾਹਮਣਵਾਦ ਪਹਿਲੇ ਦਿਨ ਤੋਂ ਹੀ ਸਿੱਖੀ ਦੇ ਬੂਟੇ ਨੂੰ ਉਖੇੜ ਸੁੱਟਣ ਲਈ ਹਮੇਸ਼ਾ ਯਤਨਸ਼ੀਲ ਰਿਹਾ ਹੈ। ਹਰ ਹੱਥ ਆਇਆ ਮੌਕਾ ਇਸ ਨੇ ਵਰਤਿਆ; ਇਸ ਵਲੋਂ ਗੁਰੂ ਅਮਰਦਾਸ ਸਾਹਿਬ ਨੂੰ ਗੋਇੰਦਵਾਲ ਦੀ ਧਰਤੀ ਤੋਂ ਬੇ-ਦਖ਼ਲ ਕਰਾਉਣ ਲਈ ਅੱਡੀ ਚੋਟੀ ਦਾ ਜ਼ੋਰ ਲਾਇਆ ਗਿਆ; ਗੁਰੂ ਕਾ ਲੰਗਰ ਬੰਦ ਕਰਾਉਣ ਲਈ ਇਸ ਘੜੇ ਤੇ ਮਸ਼ਕਾਂ ਤੁੜਵਾਈਆਂ; ਪੰਚਮ ਪਾਤਸ਼ਾਹ ਨੂੰ ਅਣਮਨੁੱਖੀ ਤਸੀਹੇ ਦਿਵਾ ਕੇ ਸ਼ਹੀਦ ਕਰਵਾਉਣ ਵਾਲੇ ਚੰਦੂ ਦੁਸ਼ਟ ਨੂੰ ਕਿਹੜਾ ਸਿੱਖ ਭੁੱਲ ਸਕਦਾ ਹੈ? ਕੀ ਛੇਵੇਂ ਪਾਤਸ਼ਾਹ ਨੂੰ ਜ਼ਹਿਰ ਦੇਣ ਵਾਲਾ ਕਾਲੇ ਦਿਲ ਵਾਲਾ ਬ੍ਰਾਹਮਣ ਨਹੀਂ

ਸੀ? ਕਸ਼ਮੀਰੀ ਪੰਡਤਾਂ ਦੀ ਫ਼ਰਿਆਦ ਸੁਣ ਕੇ ਜਿਨ੍ਹਾਂ ਦੇ ਧਰਮ ਨੂੰ ਮਿਟ ਜਾਣ ਤੋਂ ਬਚਾਉਣ ਲਈ ਨੌਵੇਂ ਪਾਤਸ਼ਾਹ ਨੇ ਆਪਣਾ ਸੀਸ ਦਿੱਤਾ, ਕੀ ਉਹਨਾਂ ਦੀ ਅਕ੍ਰਿਤਘਣ ਔਲਾਦ ਸਿੱਖੀ ਦੀ ਤਹਿਸ-ਨਹਿਸ ਨਹੀਂ ਸੀ ਕਰਦੀ ਆ ਰਹੀ?

ਬ੍ਰਾਹਮਣਵਾਦ ਦੀ ਅਕ੍ਰਿਤਘਣਤਾ ਦਾ ਸਾਰਾ ਇਤਿਹਾਸ ਗਵਾਹੀ ਭਰਦਾ ਹੈ ਕਿ ਇਹ ਹਵਾ ਦੇ ਰੁਖ਼ ਨਾਲ ਬਦਲਦਾ ਹੈ। ਸਿੱਖ ਲਹਿਰ ਦੀ ਚੜ੍ਹਦੀ ਕਲਾ ਸਮੇਂ ਇਹ ਰਸੋਈਆ ਬਣਿਆ। ਔਖ ਸਮੇਂ ਵਕਤ ਦੀ ਹਕੂਮਤ ਦਾ ਸੂਹੀਆ ਬਣਕੇ ਉਸੇ ਨਮਕ ਹਰਾਮ ਨੇ ਗੁਰੂ ਦੇ ਪਰਿਵਾਰ ਨੂੰ ਕੈਦ ਕਰਾਇਆ। ਕੀ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਨਮਕ-ਹਰਾਮ ਗੰਗੂ ਬ੍ਰਾਹਮਣ ਦੇ ਵਿਸਾਹਘਾਤ ਦਾ ਸਿੱਟਾ ਨਹੀਂ ਸੀ? ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਨੂੰ ਗ੍ਰਿਫ਼ਤਾਰ ਕਰਾਉਣ ਵਾਲੇ ਬ੍ਰਾਹਮਣ ਨੂੰ ਕਿਹੜਾ ਸਿੱਖ ਭੁੱਲ ਸਕਦਾ ਹੈ? ਸਿਵਾਏ ਵਾਹਿਦ ਲੀਡਰ ਤਾਰਾ ਸਿੰਘ, ਗਿਆਨੀ ਕਰਤਾਰ ਸਿੰਘ ਅਤੇ ਧਨਾਢ ਬਲਦੇਵ ਸਿੰਘ ਦੀ ਤ੍ਰਿੱਕੜੀ ਦੇ। ਕੀ ਮਾਸੂਮ ਸਾਹਿਬਜ਼ਾਦਿਆਂ ਨੂੰ ਨੀਹਾਂ ਵਿੱਚ ਚਿਣਵਾਏ ਜਾਣ ਲਈ ਸੂਬਾ ਸਰਹੰਦ ਦਾ ਸਮਰਥਕ ਸੁੱਚਾ ਨੰਦ ਬ੍ਰਾਹਮਣ ਨਹੀਂ ਸੀ? (ਹਾਅ ਦਾ ਨਾਅਰਾ ਮਾਰਨ ਵਾਲਾ ਤਾਂ ਨੇਕ ਮੁਸਲਮਾਨ ਨਵਾਬ ਮਲੇਰਕੋਟਲਾ ਹੀ ਨਿਤਰਿਆ ਸੀ)

ਕੀ ਸਾਰੇ ਖ਼ੁਦਾ-ਪ੍ਰੱਸਤ ਮੁਸਲਮਾਨ ਅੱਜ ਸਿੱਖਾਂ ਦੇ ਦੁਸ਼ਮਣ ਬਣ ਗਏ ਹਨ? ਕੀ ਅੱਜ ਸਾਂਈ ਮੀਆਂ-ਮੀਰ, ਜਿਸ ਤੋਂ ਸਾਡੇ ਗੁਰੂ ਸਾਹਿਬ ਨੇ ਹਰਿਮੰਦਰ ਸਾਹਿਬ (ਸਿੱਖਾਂ ਦੇ ਕਾਬੇ) ਦਾ ਨੀਂਹ ਪੱਥਰ ਰੱਖਵਾਇਆ ਸੀ, ਕੀ ਅਜ ਉਹ ਸਿੱਖਾਂ ਦਾ ਵਿਸ਼ਵਾਸ ਪਾਤਰ ਨਹੀਂ ਬਣ ਸਕਦਾ? ਕੀ ਪਹਾੜੀ ਹਿੰਦੂ ਰਾਜਿਆਂ ਵਿਰੁਧ ਗੁਰੂ ਗੋਬਿੰਦ ਸਿੰਘ ਸਾਹਿਬ ਨਾਲ ਖੜੋਕੇ ਆਪਣੇ ਪੁੱਤਰ, ਸਨਬੰਧੀ ਤੇ ਆਪਣੇ ਪੈਰੋਕਾਰ ਮਰਵਾਉਣ ਵਾਲਾ ਪੀਰ ਬੁੱਧੂ ਸ਼ਾਹ ਅੱਜ ਸਿੱਖਾਂ ਦਾ ਦੁਸ਼ਮਣ ਬਣ ਗਿਆ ਹੈ? ਕੀ ਅੱਜ ਨਬੀ ਖਾਂ ਤੇ ਗ਼ਨੀ ਖ਼ਾਂ ਉਤੇ ਸਿੱਖ ਵਿਸ਼ਵਾਸ ਨਹੀਂ ਕਰ ਸਕਦੇ? ਜਿਨ੍ਹਾਂ ਗੁਰੂ ਗੋਬਿੰਦ ਸਿੰਘ ਸਾਹਿਬ ਵਾਸਤੇ ਆਪਣੀ ਜਾਨ ਦੀ ਬਾਜ਼ੀ ਲਾ ਕੇ ਵਿਖਾਈ ਸੀ।

ਦਸ਼ਮੇਸ਼ ਪਿਤਾ ਉਤੇ ਮੁਗ਼ਲਾਂ ਨਾਲੋਂ ਵੱਧ ਹਮਲੇ ਕਰਨ ਵਾਲੇ ਕੌਣ ਸਨ? ਕੀ ਹਿੰਦੂ ਪਹਾੜੀ ਰਾਜੇ ਨਹੀਂ ਸਨ? ਮੁਗ਼ਲਾਂ ਨੂੰ ਉਤੇਜਿਤ ਕਰਕੇ ਗੁਰੂ ਸਾਹਿਬ 'ਤੇ ਹਮਲੇ ਕਰਨ ਵਾਲਿਆਂ ਦੀ ਔਲਾਦ ਨਾਲ ਸਪੈਸ਼ਲ ਨਹੁੰ-ਮਾਸ ਦੇ ਰਿਸ਼ਤੇ ਕਿਵੇਂ ਹੋਏ? ਅਨੰਦਪੁਰ ਸਾਹਿਬ ਅੰਦਰ ਘਿਰੇ ਸਿੱਖਾਂ ਨੇ ਵੀ ਹਿੰਦੂ ਪਹਾੜੀ ਰਾਜਿਆਂ ਵਲੋਂ ਭੇਜੀ ਆਟੇ ਦੀ ਗਊ ਦੀ ਸੁਗੰਧ 'ਤੇ ਵਿਸਾਹ ਖਾਧਾ ਸੀ, ਕੀ ਉਹ ਵਿਸਾਹਘਾਤਕ ਨਹੀਂ ਸਨ ਨਿਕਲੇ? ਗੁਰੂ ਸਾਹਿਬ ਨਾਲ ਵਿਸ਼ਵਾਸਘਾਤ ਕਰਨ ਵਾਲਿਆਂ ਨਾਲ ਸਪੈਸ਼ਲ ਰੋਟੀ-ਬੇਟੀ ਦੇ ਰਿਸ਼ਤੇ ਕਿਹੜੇ ਪਾਸਿਓਂ ਬਣੇ? ਜਦ ਸਿੱਖ ਅਜ਼ਾਦੀ ਦੀ ਲੜਾਈ ਲੜ ਰਹੇ ਸਨ, ਤਾਂ ਲਖਪਤ ਤੇ ਜਸਪਤ ਨੇ ਮੁਗ਼ਲਾਂ ਦੇ ਹੱਥ-ਠੋਕੇ ਬਣਕੇ, ਗ਼ੁਲਾਮ ਬਣਾਈ ਰੱਖਣ ਵਾਲਿਆਂ ਦਾ ਸਾਥ ਦੇਕੇ, ਸਿੱਖਾਂ ਦਾ ਘਾਣ ਕਰਵਾਕੇ, ਸਿੱਖੀ ਦੀ ਅਲਖ ਮੁਕਾ ਦੇਣ

ਦੀਆਂ ਟਾਹਰਾਂ ਨਹੀਂ ਸਨ ਮਾਰੀਆਂ? ਉਹਨਾਂ ਦੀ ਔਲਾਦ ਨਾਲ ਵਾਹਿਦ ਲੀਡਰ ਦੀਆਂ ਨਹੁੰ-ਮਾਸ ਦੀਆਂ ਸਾਂਝਾਂ ਕਿਵੇਂ ਪਈਆਂ?

ਖ਼ਾਲਸਾ ਰਾਜ ਦੀ ਇਟ ਨਾਲ ਇਟ ਖੜਕਾਉਣ ਵਾਲੇ ਪੰਡਿਤ ਦੀਨਾ ਨਾਥ, ਧਿਆਨ ਸਿੰਘ, ਗੁਲਾਬ ਸਿੰਘ, ਹੀਰਾ ਸਿੰਘ ਆਦਿਕ ਗ਼ਦਾਰ ਡੋਗਰਿਆਂ, ਲਾਲ ਸਿੰਘ ਤੇ ਤੇਜਾ ਸਿੰਘ ਆਦਿਕ ਗ਼ਦਾਰ ਪੂਰਬੀਆਂ ਦੀ ਵਿਸਾਹਘਾਤਕ ਔਲਾਦ ਨਾਲ ਰਿਸ਼ਤੇਦਾਰੀਆਂ ਤੇ ਯਾਰੀਆਂ ਕਿਵੇਂ ਹੋਈਆਂ? ਮਹਾਰਾਜਾ ਰਣਜੀਤ ਸਿੰਘ ਨੇ ਵੀ ਸੱਪਾਂ ਨੂੰ ਦੁੱਧ ਪਿਆ-ਪਿਆ ਕੇ ਨਮਕ ਹਲਾਲੀ ਦੀਆਂ ਆਸਾਂ ਲਾਈਆਂ ਸਨ, ਉਸ ਕੀ ਖੱਟਿਆ ਸੀ? ਮਹਾਰਾਜੇ ਨੇ ਆਪਣੇ ਪੈਰਾਂ 'ਤੇ ਆਪ ਕੁਹਾੜਾ ਨਹੀਂ ਸੀ ਮਾਰਿਆ? ਅੰਗਰੇਜ਼ਾਂ ਤੇ ਸਿੱਖਾਂ ਦੀ ਲੜਾਈ ਸਮੇਂ ਮੁਸਲਮਾਨ ਫ਼ੌਜਾਂ ਤਾਂ ਸਿੱਖਾਂ ਵਾਂਗ ਜਾਨਾਂ ਵਾਰ ਕੇ ਲੜੀਆਂ ਸਨ। ਪੂਰਬੀਏ ਤੇ ਹਿੰਦੂ ਜਰਨੈਲਾਂ ਹੀ ਗ਼ਦਾਰ ਬਣਕੇ ਪੰਜਾਬ ਨੂੰ ਗ਼ੁਲਾਮ ਨਹੀਂ ਸੀ ਬਣਾਇਆ? ਕੀ ਉਹ ਸ਼ਾਹ ਮੁਹੰਮਦ ਪੰਜਾਬ ਦਾ ਮੁਸਲਮਾਨ ਕਵੀ ਨਹੀਂ ਸੀ ਜਿਸ ਖ਼ਾਲਸਾ ਰਾਜ ਦੀ ਤਬਾਹੀ 'ਤੇ ਕੀਰਨੇ ਪਾਏ ਸਨ? ਸਿੱਖ ਰਾਜ ਨੂੰ ਤਬਾਹ ਕਰਨ ਵਾਲਿਆਂ ਦੀ ਔਲਾਦ ਤੋਂ ਰਾਜਭਾਗ ਦੀਆਂ ਆਸਾਂ ਕਿਵੇਂ? ਦੁਸ਼ਮਣ ਤੋਂ ਚੰਗਿਆਈ ਦੀ ਆਸ ਤਾਂ ਕੋਈ ਮੂਰਖ ਹੀ ਰੱਖ ਸਕਦਾ ਹੈ

ਗੁਰੂ ਗੋਬਿੰਦ ਸਿੰਘ ਸਾਹਿਬ ਨੇ ਸਿੱਖਾਂ ਨੂੰ ਬ੍ਰਾਹਮਣਵਾਦ ਤੋਂ ਸੁਚੇਤ ਰਹਿਣ ਦੀ ਤਾੜਨਾ ਕੀਤੀ ਸੀ ਅਤੇ ਖ਼ਾਲਸੇ ਨੂੰ ਸਾਫ਼ ਸ਼ਬਦਾਂ ਵਿੱਚ ਚਿਤਾਰਿਆ ਸੀ ਕਿ ਜਦ ਤਕ ਖ਼ਾਲਸਾ ਬ੍ਰਾਹਮਣਵਾਦੀ ਪ੍ਰਭਾਵ ਤੋਂ ਬਚ ਕੇ ਨਿਆਰਾ ਰਹੇਗਾ, ਉਨਾ ਚਿਰ ਉਸ ਦੀ ਸ਼ਕਤੀ ਸਾਹਮਣੇ ਕੋਈ ਨਹੀਂ ਠਹਿਰ ਸਕੇਗਾ। ਗੁਰੂ ਸਾਹਿਬ ਨੇ ਤਾਂ ਸਾਫ਼ ਸ਼ਬਦਾਂ ਵਿੱਚ ਚਿਤਾਵਨੀ ਦੇ ਰੱਖੀ ਹੈ-'ਜਬ ਇਹ ਗਹੈ ਬਿਪਰਨ ਕੀ ਰੀਤ, ਮੈਂ ਨ ਕਰੋਂ ਇਨ ਕੀ ਪ੍ਰਤੀਤ'। ਹੁਣ ਸੁਆਲ ਉਠਦਾ ਹੈ ਕਿ ਕੀ ਜਵਾਹਰ ਲਾਲ ਨਹਿਰੂ, ਵਲਭ ਭਾਈ ਪਟੇਲ, ਗਾਂਧੀ, ਮਦਨ ਮੋਹਨ ਮਾਲਵੀਆ, ਆਦਿਕ ਬਿਪਰਨ ਨਹੀਂ ਸੀ? ਪੱਕੇ ਤੇ ਹੰਢੇ ਹੋਏ ਬਿਪ੍ਰ ਸਨ। ਫਿਰ ਸੁਆਲ ਉਠਦਾ ਹੈ ਕਿ ਸਾਡੇ ਲੀਡਰ ਕਿਉਂ ਉਹਨਾਂ ਦੀ ਝੋਲੀ ਵਿੱਚ ਜਾ ਬੈਠੇ? ਕੀ ਸਾਡੇ ਲੀਡਰ ਸਾਡੇ ਗੁਰੂ ਨਾਲੋਂ ਜ਼ਿਆਦਾ ਸਿਆਣੇ ਸਨ? ਆਪਣੇ ਗੁਰੂ ਦੇ ਹੁਕਮ ਨੂੰ ਲਿਤਾੜ ਕੇ ਕਿਉਂ ਉਹਨਾਂ ਦੇ ਸਕੇ ਬਣ ਬੈਠੇ? ਜਿਨਾਹ ਸਾਹਿਬ ਨੇ ਤਾਂ ਦਸਵੇਂ ਪਾਤਸ਼ਾਹ ਦੀ ਚਿਤਾਵਨੀ ਨੂੰ ਚੇਤੇ ਰੱਖਿਆ ਸੀ। ਮੁਸਲਮਾਨਾਂ ਦੀ ਤਾਂ ਅਬਾਦੀ ਵੀ 25 ਫ਼ੀਸਦੀ ਸੀ, ਉਹਨਾਂ ਬਿਪ੍ਰਾਂ 'ਤੇ ਇਤਬਾਰ ਨਹੀਂ ਸੀ ਕੀਤਾ ਅਤੇ ਆਪਣਾ ਕੌਮੀ ਘਰ ਪਾਕਿਸਤਾਨ ਲੈ ਕੇ ਹੀ ਸਾਹ ਲਿਆ ਸੀ। ਜਦ ਸਾਡੇ ਲੀਡਰਾਂ ਆਪਣੇ ਗੁਰੂ ਦੇ ਹੁਕਮ ਨੂੰ ਲਿਤਾੜਨਾ ਸ਼ੁਰੂ ਕਰ ਦਿੱਤਾ, ਤਾਂ ਖੱਜਲ-ਖ਼ੁਆਰ ਹੋਣਾ ਕੁਦਰਤੀ ਗੱਲ ਹੈ। ਉਹਨਾਂ ਮੌਕਾਪ੍ਰਸਤਾਂ ਦਾ ਕਿਰਦਾਰ ਸਾਡੇ ਸਾਹਮਣੇ ਹੈ।

ਅੱਜ ਬੀ.ਜੇ.ਪੀ. ਦੀਆਂ ਨਜ਼ਰਾਂ ਵਿੱਚ ਸਿੱਖ, ਮੁਸਲਮਾਨ, ਈਸਾਈ ਤੇ ਦਲਿਤ ਇੰਜ ਹਨ, ਜਿਵੇਂ ਹਿਟਲਰ ਸਾਹਮਣੇ ਯਹੂਦੀ ਸਨ। ਇਸ ਦੀ ਅਸਲੀ ਚਾਲਕ ਸ਼ਕਤੀ

ਆਰ.ਐਸ.ਐਸ.ਹੈ,ਜਿਹੜੀ ਕਿ ਅੱਜ ਦੇ ਭਾਰਤ ਦੀ ਸਭ ਤੋਂ ਵੱਡੀ ਤੇ ਖ਼ਤਰਨਾਕ ਫ਼ਾਸ਼ੀ ਤਾਕਤ ਹੈ। ਨਾਜ਼ੀ ਹਿਟਲਰ ਵਾਂਗ ਇਹ ਮਨੂਵਾਦੀ ਫ਼ਾਸ਼ੀਵਾਦ 'ਹਿੰਦੂ ਆਰੀਆ ਨਸਲ' ਨੂੰ ਹੀ ਕੇਵਲ ਰਾਜ ਕਰ ਸਕਣ ਦੇ ਯੋਗ ਸਮਝਦਾ ਹੈ ਅਤੇ ਪਵਿਤਰ ਮਨੂਵਾਦੀ ਹਿੰਦੂ ਰਾਸ਼ਟਰ ਸਥਾਪਤ ਕਰਨਾ ਚਾਹੁੰਦਾ ਹੈ। ਫ਼ਾਸ਼ੀਵਾਦੀ ਆਰ.ਐਸ.ਐਸ.ਦੇ ਸੰਚਾਲਕ ਗੋਲਵਾਲਕਰ,ਜਿਸ ਨੂੰ ਇਹ ਗੁਰੂ ਜੀ ਕਹਿੰਦੇ ਹਨ,ਨੇ ਆਪਣੀ ਪੁਸਤਕ 'ਬੰਚ ਆਫ਼ ਥਾਟਸ' ਵਿੱਚ ਸਾਫ਼ ਲਿਖਿਆ ਹੈ -

"ਹਿੰਦੂ ਹੀ ਇਸ ਦੇਸ਼ ਦੇ ਅਸਲੀ ਵਸਨੀਕ ਹਨ। ਜਿਹੜੇ ਹਿੰਦੂ ਨਹੀਂ ਹਨ,ਉਹਨਾਂ ਨੂੰ ਹਿੰਦੂਆਂ ਦੇ ਬਰਾਬਰ ਅਧਿਕਾਰ ਨਹੀਂ ਦਿੱਤੇ ਜਾ ਸਕਦੇ। ਭਾਰਤੀ ਲੋਕਤੰਤਰ ਅਤੇ ਭਾਰਤੀ ਸੰਵਿਧਾਨ ਦੀਆਂ ਬੁਨਿਆਦਾਂ ਸੈਕੂਲਰਇਜ਼ਮ ਦੇ ਆਧਾਰ 'ਤੇ ਰੱਖੀਆਂ ਗਈਆਂ ਹਨ (ਹੈਨ ਭਾਵੇਂ ਕੇਵਲ ਕਾਗਜ਼ਾਂ 'ਤੇ ਹੀ -ਲੇਖਕ) ਅਤੇ ਇਸ ਵਿੱਚ ਚੋਰ,ਡਾਕੂਆਂ ਤੇ ਹਮਲਾਵਰਾਂ ਨੂੰ ਬਿਨਾਂ ਸੋਚੇ ਸਮਝੇ ਭਾਰਤ ਦੇ ਸਪੂਤਾਂ ਦੇ ਬਰਾਬਰ ਦਰਜਾ ਦਿੱਤਾ ਗਿਆ ਹੈ।"

ਆਰ.ਐਸ.ਐਸ.ਨਾਜ਼ੀ ਹਿਟਲਰ ਨਾਲੋਂ ਵੀ ਜ਼ਿਆਦਾ ਖ਼ਤਰਨਾਕ ਹੈ। ਇਸ ਦੀ ਚਾਣਕੀਆ ਨੀਤੀ ਨਾਜ਼ੀ ਹਿਟਲਰ ਦੀ ਨੀਤੀ ਨਾਲੋਂ ਇੱਕ ਕਦਮ ਅਗਾਂਹ ਨੂੰ ਜਾਂਦੀ ਹੈ। ਹਿਟਲਰ ਜਿੱਥੇ ਦੂਜੀਆਂ ਕੌਮਾਂ ਨੂੰ ਗ਼ੁਲਾਮ ਬਣਾ ਕੇ ਉਹਨਾਂ ਨੂੰ ਦੂਜੇ ਦਰਜੇ ਦਾ ਸ਼ਹਿਰੀ ਬਣਾਈ ਰਖੱਣਾ ਚਾਹੁੰਦਾ ਸੀ,ਉਥੇ ਬ੍ਰਾਹਮਣਵਾਦ ਗ਼ੁਲਾਮ ਬਣਾ ਕੇ,ਨਾ ਕੇਵਲ ਚੌਥੇ ਦਰਜੇ ਦਾ ਸ਼ਹਿਰੀ ਬਣਾਈ ਰੱਖਣਾ ਚਾਹੁੰਦਾ ਹੈ,ਸਗੋਂ ਆਪਣੀਆਂ ਗ਼ੁਲਾਮ ਕੌਮਾਂ ਦਾ ਧਰਮ ਵੀ ਬਦਲ ਦੇਣਾ ਚਾਹੁੰਦਾ ਹੈ,ਤਾਂ ਜੋ ਉਹ ਚੌਥੇ ਦਰਜੇ ਦੇ ਸ਼ਹਿਰੀ (ਸ਼ੂਦਰ) ਬਣ ਕੇ ਇਸ ਦੀ ਸੇਵਾ ਕਰਨੀ ਆਪਣਾ ਧਰਮ ਸਮਝਣ ਅਤੇ ਇਸ ਦਾ ਬਚਿਆ-ਖੁਚਿਆ ਖਾ ਕੇ ਦਿਲੋਂ ਇਸ ਦੀ ਚਾਕਰੀ ਕਰਨ।

ਇਸੇ ਆਸ਼ੇ ਅਧੀਨ ਬ੍ਰਾਹਮਣਵਾਦ ਸਿੱਖਾਂ ਦਾ ਧਰਮ ਵੀ ਬਦਲਣਾ ਚਾਹੁੰਦਾ ਹੈ ਅਤੇ ਗ਼ੁਲਾਮ ਵੀ ਬਣਾਈ ਰੱਖਣਾ ਚਾਹੁੰਦਾ ਹੈ,ਤਾਂ ਜੋ ਗ਼ੁਲਾਮ ਸਿੱਖ ਆਪਣੇ ਮਾਲਕਾਂ ਲਈ ਜ਼ਮੀਨਾਂ ਵਾਹੁੰਦੇ ਰਹਿਣ,ਅਨਾਜ ਪੈਦਾ ਕਰਦੇ ਰਹਿਣ,ਆਪਣੇ ਹੱਡ ਭੰਨਦੇ ਰਹਿਣ,ਲਾਲਿਆਂ ਦਾ ਭਾਰ ਢੋਂਹਦੇ ਰਹਿਣ,ਸਰਹੱਦਾਂ ਦੀ ਰਾਖੀ ਕਰਦੇ ਰਹਿਣ,ਹਮੇਸ਼ਾ ਕਰਜ਼ਾਈ ਬਣੇ ਰਹਿਣ ਅਤੇ ਬਾਣੀਏ ਦੀ ਮੁਨਾਫ਼ੇ ਦੀ ਚੱਕੀ ਦੇ ਗਾਲੇ ਬਣੇ ਰਹਿਣ। ਇਸ ਆਸ਼ੇ ਦੀ ਪੂਰਤੀ ਲਈ,ਦੂਜੀਆਂ ਕੌਮਾਂ ਨੂੰ ਮਿਟਾ ਕੇ ਇਹ ਭਾਰਤੀ ਉਪ ਮਹਾਂਦੀਪ ਦਾ ਸਮਰਾਟ ਬਣਨ ਦੇ ਸੁਪਨੇ ਲੈ ਰਿਹਾ ਹੈ ਜਿਵੇਂ ਕਦੀ ਹਿਟਲਰ ਨੇ ਸਾਰੀ ਦੁਨੀਆ 'ਤੇ ਰਾਜ ਕਰਨ ਦੇ ਸੁਪਨੇ ਲਏ ਸਨ। ਹਾਲ ਇਸ ਦਾ ਵੀ ਉਹੋ ਹੋਣਾ ਹੈ ਜੋ ਹਿਟਲਰ ਦਾ ਹੋਇਆ ਸੀ। ਇਸ ਦੇ ਸੁਪਨੇ ਵੀ ਨਾਜ਼ੀ ਹਿਟਲਰ ਵਾਂਗ ਚਕਨਾ-ਚੂਰ ਹੋ ਕੇ ਰਹਿਣੇ ਹਨ।

ਬ੍ਰਾਹਮਣਵਾਦੀ ਨਜ਼ਾਮ ਅੱਜ ਬੜਾ ਮਜ਼ਬੂਤ ਹੈ। ਇਸ ਦੇ ਕੋਲ ਵਿਗਿਆਨਕ ਹਥਿਆਰਾਂ ਨਾਲ ਲੈਸ ਫ਼ੌਜ ਹੈ, ਪੁਲਸ ਹੈ, ਕਾਨੂੰਨ ਹੈ, ਜੇਲ੍ਹਾਂ ਹਨ, ਤੋਪਾਂ ਹਨ, ਲੋਕਾਂ ਨੂੰ ਗੁੰਮਰਾਹ ਕਰਨ ਲਈ ਟੈਲੀਵਿਯਨ ਹੈ, ਰੇਡੀਓ ਹੈ, ਅਖ਼ਬਾਰਾਂ ਆਦਿਕ ਅਮੁੱਕ ਵਸੀਲੇ ਹਨ। ਜਿਥੇ ਅੰਨ੍ਹੀ ਰਾਜ ਸ਼ਕਤੀ, ਅੰਨ੍ਹਾ ਧਨ ਅਤੇ ਅੰਨ੍ਹਾ ਤਅੱਸਬ ਇਹ ਤਿੰਨੇ ਇਕੱਠੇ ਹੋ ਜਾਣ, ਉਥੇ ਹੱਕ ਤੇ ਸੱਚ ਉਤੇ ਆਧਾਰਤ ਕੋਈ ਸੰਸਥਾ ਜ਼ਿੰਦਾ ਨਹੀਂ ਰਹਿ ਸਕਦੀ। ਇਹ ਇਕ ਹਕੀਕਤ ਹੈ ਕਿ ਮਨੁੱਖ ਤਾਕਤ ਦੇ ਨਸ਼ੇ ਵਿੱਚ ਅੰਨ੍ਹਾਂ ਹੋ ਜਾਂਦਾ ਹੈ ਅਤੇ ਆਪਣੇ ਤੋਂ ਬਿਨਾਂ ਉਸ ਨੂੰ ਹੋਰ ਕੋਈ ਵਿਖਾਈ ਹੀ ਨਹੀਂ ਦਿੰਦਾ। ਤਾਕਤ ਦਾ ਨਸ਼ਾ ਮਨੁੱਖ ਦੀ ਅਕਲ 'ਤੇ ਪਰਦੇ ਪਾ ਦਿੰਦਾ ਹੈ ਅਤੇ ਉਸ ਮਨੁੱਖ ਦੀ ਸੋਚ ਸ਼ਕਤੀ ਕੰਮ ਕਰਨੋਂ ਬੰਦ ਹੋ ਜਾਂਦੀ ਹੈ। ਜਿਵੇਂ ਸ਼ਰਾਬ ਦੀ ਅਧਿਕ ਵਰਤੋਂ ਵੱਡੇ ਵੱਡੇ ਬਲਵਾਨ ਦਿਮਾਗ਼ਾਂ ਨੂੰ ਵੀ ਹਿਲਾ ਕੇ ਰੱਖ ਦਿੰਦੀ ਹੈ, ਤਿਵੇਂ ਤਾਕਤ ਦਾ ਨਸ਼ਾ ਮਨੁੱਖ ਨੂੰ ਪਾਗਲ ਤੇ ਜਨੂਨੀ ਬਣਾ ਦਿੰਦਾ ਹੈ। ਤਾਕਤ ਦੇ ਚੜ੍ਹੇ ਨਸ਼ੇ ਵਿੱਚ, ਮਨ ਦੀ ਅਗਵਾਈ ਵਿੱਚ, ਮਨਆਈਆਂ ਕਰ ਕੇ ਮਨੁੱਖ ਹੰਕਾਰੀ ਬਣ ਜਾਂਦਾ ਹੈ। ਹੰਕਾਰੀ ਤੋਂ ਸ਼ੁਦਾਈ ਅਤੇ ਸ਼ੁਦਾਈ ਤੋਂ ਪਸ਼ੂ ਬਣ ਜਾਂਦਾ ਹੈ। ਪਸ਼ੂ ਦੀ ਹੱਦ ਟੱਪ ਜਾਣ ਮਗਰੋਂ ਉਸ ਦੀ ਪਾਗਲਪਨ ਦੀ ਅਵਸਥਾ ਬਣ ਜਾਂਦੀ ਹੈ, ਜਿਹੜੀ ਕਿ ਉਸ ਦੇ ਵਿਨਾਸ਼ ਦਾ ਕਾਰਨ ਬਣਦੀ ਹੈ। ਇਸੇ ਨੂੰ ਕੁਦਰਤ ਦਾ ਅਟੱਲ ਨਿਯਮ – ਹੰਕਾਰਿਆ ਸੋ ਮਾਰਿਆ ਕਰ ਕੇ ਵੀ ਜਾਣਿਆ ਜਾਂਦਾ ਹੈ।

ਅੱਜ ਦੇ ਬ੍ਰਾਹਮਣਵਾਦ ਕੋਲ ਰਾਜ-ਭਾਗ ਵੀ ਹੈ ਤੇ ਅੰਨ੍ਹਾ ਪੈਸਾ ਵੀ। ਪ੍ਰੈਸ, ਰੇਡੀਓ, ਟੀਵੀ ਆਦਿਕ ਵਿਗਿਆਨਕ ਸਾਧਨਾਂ ਨਾਲ ਵੀ ਇਹ ਪੂਰੀ ਤਰ੍ਹਾਂ ਲੈਸ ਹੈ। ਅੰਨ੍ਹੇ ਨੂੰ ਸੁਜਾਖਾ ਤੇ ਸੁਜਾਖੇ ਨੂੰ ਅੰਨ੍ਹਾ ਸਾਬਤ ਕਰਦੇ ਦੇ, ਹੈਂਕੜ ਨਾਲ ਪੈਰ ਧਰਤੀ 'ਤੇ ਨਹੀਂ ਟਿਕਦੇ। ਰਾਜ-ਸੱਤਾ ਦੇ ਨਸ਼ੇ ਵਿੱਚ ਅੰਨ੍ਹਾ ਹੋਇਆ ਇਹ ਕਦੀ ਨੇਪਾਲ ਨੂੰ ਸਬਕ ਸਿਖਾਉਣ ਟੁਰ ਪੈਂਦਾ ਹੈ; ਕਦੀ ਆਪਣੇ ਬਾਹੂਬਲ ਦੇ ਵਿਖਾਵੇ ਲਈ ਲੰਕਾ ਵਿੱਚ ਜਾ ਵੜਦਾ ਹੈ; ਕਦੀ ਬੰਗਲਾ ਦੇਸ਼ ਨੂੰ ਅੱਖਾਂ ਵਿਖਾਉਂਦਾ ਹੈ ਅਤੇ ਕਦੀ ਪਾਕਿਸਤਾਨ ਨੂੰ ਘੂਰੀਆਂ ਵੱਟ ਕੇ ਡਰਾਉਂਦਾ ਹੈ। ਆਪਣੇ ਗਵਾਂਢੀ ਮੁਲਕਾਂ ਨੂੰ ਹੜੱਪ ਕਰਨ ਲਈ ਕਦੀ ਰੂਸ ਨਾਲ ਆਂਢਾ-ਸਾਂਢਾ ਗੰਢਦਾ ਹੈ ਤੇ ਕਦੀ ਇਰਾਨ ਤੇ ਅਫ਼ਗ਼ਾਨਿਸਤਾਨ ਨਾਲ। ਏਸ਼ੀਆ ਦਾ ਸਮਰਾਟ ਬਣਨ ਲਈ ਇਹ ਨਿਤ ਨਵੇਂ ਤਾਣੇ ਤਣਦਾ ਰਹਿੰਦਾ ਹੈ; ਬਾਕੀ ਸਭ ਕੌਮਾਂ ਨੂੰ ਮਿਟਾ ਦੇਣਾ ਚਾਹੁੰਦਾ ਹੈ; ਪਿਛਲੇ 53 ਸਾਲਾਂ ਤੋਂ ਚਾਣਕੀਆ ਨੀਤੀ ਦੇ ਵਾਰਸਾਂ ਨੇ ਘਟ-ਗਿਣਤੀ ਕੌਮਾਂ ਨੂੰ ਚਾਣਕੀਆ ਨੀਤੀ ਦੇ ਹਥਿਆਰਾਂ ਨਾਲ ਖ਼ਤਮ ਕਰ ਦੇਣ ਲਈ ਸਭ ਕੁਝ ਦਾਅ 'ਤੇ ਲਾ ਦਿੱਤਾ ਹੋਇਆ ਹੈ। ਕਦੀ ਮੁਸਲਮਾਨਾਂ ਦਾ ਖ਼ੂਨ ਵਹਾਉਂਦਾ ਹੈ ਅਤੇ ਕਦੀ ਸਿੱਖਾਂ ਦਾ। ਕਦੀ ਸਿੱਖਾਂ ਦੇ ਅਕਾਲ ਤਖ਼ਤ ਸਾਹਿਬ ਨੂੰ ਢਹਿ-ਢੇਰੀ ਕਰਦਾ ਹੈ ਅਤੇ ਕਦੀ ਬਾਬਰੀ ਮਸਜਿਦ ਦੀ ਇੱਟ ਨਾਲ ਇੱਟ ਜਾ ਖੜਕਾਉਂਦਾ ਹੈ।

ਬ੍ਰਾਹਮਣਵਾਦ ਦਾ ਆਪਣੇ ਵਿਰੋਧੀਆਂ ਨੂੰ ਚੁਪ ਕਰਾ ਦੇਣ ਦਾ ਢੰਗ ਵੀ ਬਾਕੀ ਸਭ ਨਾਲੋਂ ਜ਼ਿਆਦਾ ਖ਼ਤਰਨਾਕ ਹੈ। ਇਸ ਨੀਤੀ ਦਾ ਧਾਰਨੀ ਚਿੱਟਾ ਗਾਊਨ ਤਾਂ ਪਾਉਂਦਾ ਹੈ ਸਰਜਨ (ਡਾਕਟਰ) ਦਾ, ਪਰੰਤੂ ਕੋਹ ਕੇ ਮਾਰਦਾ ਹੈ ਕਸਾਈ ਵਾਂਗ। ਬੁਰਕਾ ਡੈਮੋਕਰੈਸੀ ਦਾ, ਪਰ ਜ਼ੁਲਮ ਡਿਕਟੇਟਰਾਂ ਨਾਲੋਂ ਵੀ ਵੱਧ। ਬਾਣਾ ਧਰਮ ਨਿਰਪੇਖਤਾ ਦਾ, ਪਰ ਨਾਅਰਾ 'ਹਿੰਦੂ, ਹਿੰਦੀ, ਹਿੰਦੁਸਤਾਨ' ਦਾ, ਅਤੇ ਕਾਨੂੰਨ ਮਨੂਸਿਮ੍ਰਤੀ ਦੇ। ਹੋਕਾ ਅਹਿੰਸਾ ਪਰਮੋ ਧਰਮ ਦਾ, ਪਰੰਤੂ ਕੰਮ ਜਲਾਦਾਂ ਦੇ। ਇਹ ਅਜ਼ਾਦੀ ਦਾ ਅਲੰਬਰਦਾਰ ਹੈ, ਧਰਮ ਨਿਰਪੇਖਤਾ ਵੀ ਇਹ ਚਾਹੁੰਦਾ ਹੈ ਅਤੇ ਡੈਮੋਕਰੈਸੀ ਦਾ ਵੀ ਪੱਕਾ ਹਾਮੀ ਹੈ ਪਰ ਹਿੰਦੁਸਤਾਨ ਤੋਂ ਬਾਹਰ ਦੇ ਲੋਕਾਂ ਲਈ, ਅਫ਼ਰੀਕਨਾਂ ਲਈ, ਤਾਮਿਲਾਂ ਲਈ, ਬੰਗਲਾਦੇਸ਼ੀਆਂ ਆਦਿਕ ਲਈ। ਹਿੰਦੁਸਤਾਨ ਅੰਦਰ 'ਯਿਹ ਚਮਨ ਹਮਾਰਾ' ਹੈ, ਹਿੰਦੂ, ਹਿੰਦੀ, ਹਿੰਦੁਸਤਾਨ ਕਾ ਹੈ, ਔਰ ਰਹੇਗਾ। ਇਸ ਵਿੱਚ ਹੋਰ ਕਿਸੇ ਧਰਮ, ਬੋਲੀ, ਸਭਿਆਚਾਰ ਜਾਂ ਘਟਗਿਣਤੀ ਕੌਮ ਨੂੰ ਜੀਉਣ ਦਾ ਹੱਕ ਨਹੀਂ। ਇਥੇ ਸਭ ਨੂੰ ਪੱਥਰ-ਪੂਜ ਬਣਨਾ ਪਏਗਾ, ਚੂਹਾ-ਪੂਜ ਬਣਨਾ ਪਏਗਾ, ਸੱਪ-ਪੂਜ ਬਣਨਾ ਪਏਗਾ, ਧਨ-ਪੂਜ ਬਣਨਾ ਪਏਗਾ।

ਭਾਰਤ ਇੱਕ ਬਹੁ-ਧਰਮੀ ਦੇਸ਼ ਹੈ, ਬਹੁ-ਸਭਿਆਚਾਰਕ ਦੇਸ਼ ਹੈ ਅਤੇ ਬਹੁ-ਕੌਮੀ ਦੇਸ਼ ਹੈ। ਇਹ ਮੁਲਕ ਕਦੀ ਵੀ ਕਿਸੇ ਵੀ ਇੱਕ ਇਕਾਈ ਵਿੱਚ ਬੱਝੀਕੇ ਨਹੀਂ ਰਿਹਾ। ਅੰਗਰੇਜ਼ਾਂ ਨੇ, ਪਹਿਲੀ ਵਾਰ, ਇਸ ਨੂੰ ਰਾਜ ਪ੍ਰਬੰਧ ਦੀ ਇਕਾਈ ਵਿੱਚ ਬੰਨ੍ਹਿਆ ਸੀ। ਨਾਜ਼ੀ ਸੋਚ ਦੇ ਧਾਰਨੀ ਬ੍ਰਾਹਮਣਵਾਦ ਦੇ ਸਿਰ 'ਤੇ ਵੱਖ ਵੱਖ ਕੌਮਾਂ ਨੂੰ, ਵੱਖ ਵੱਖ ਸਭਿਆਚਾਰਕ ਇਕਾਈਆਂ ਨੂੰ, ਭਾਂਤ ਭਾਂਤ ਦੀਆਂ ਬੋਲੀਆਂ ਨੂੰ, ਵੱਖ ਵੱਖ ਧਰਮ ਵਿਸ਼ਵਾਸਾਂ ਨੂੰ, ਇੱਕੋ ਹਿੰਦੂ ਨਸਲ, ਇੱਕੋ ਹਿੰਦੂ ਸਭਿਆਚਾਰ, ਇੱਕੋ ਹਿੰਦੀ-ਸੰਸਕ੍ਰਿਤ ਬੋਲੀ ਅਤੇ ਇੱਕੋ ਹਿੰਦੂ ਧਰਮ ਵਿੱਚ ਬਦਲ ਦੇਣ ਦਾ ਭੂਤ ਸਵਾਰ ਹੋ ਗਿਆ ਜਾਪਦਾ ਹੈ। ਅਜ਼ਾਦੀ ਮਿਲਦਿਆਂ ਹੀ ਰਾਸ਼ਟਰੀ ਏਕਤਾ ਦੇ ਨਾਂ ਥੱਲੇ ਹਿੰਦੂਆਂ ਵਿੱਚੋਂ ਨਿਕਲਿਆਂ ਨੂੰ ਮੁੜ ਹਿੰਦੂ ਬਣਾਉਣ ਦੇ ਨਾਪਾਕ ਇਰਾਦਿਆਂ ਨੂੰ ਸਾਕਾਰ ਕਰਨ ਲਈ, ਇਸ ਵਲੋਂ ਗੁੱਝੀਆਂ ਚਾਲਾਂ ਚੱਲੀਆਂ ਗਈਆਂ ਅਤੇ ਸਭ ਨੂੰ ਵੇਦਿਕ ਸੰਸਕ੍ਰਿਤੀ ਵਿੱਚ ਢਾਲਕੇ ਜੰਞੂ-ਧੋਤੀ ਵਿੱਚ ਬੰਨ੍ਹਣਾ ਚਾਹਿਆ।

ਇਹ ਨਸਲਵਾਦ ਤੇ ਪਸਾਰਵਾਦ ਦੀ ਬੜੀ ਖ਼ਤਰਨਾਕ ਸੋਚ ਹੈ, ਤਬਾਹਕੁੰਨ ਫ਼ਲਸਫ਼ਾ ਹੈ ਅਤੇ ਦੇਸ਼ ਨੂੰ ਟੁਕੜੇ ਟੁਕੜੇ ਕਰ ਦੇਣ ਦਾ ਰਾਹ ਹੈ। ਇਹ ਇਕ ਮੰਨੀ ਹੋਈ ਹਕੀਕਤ ਹੈ ਕਿ ਵੱਖ ਵੱਖ ਖੇਤਰੀ ਰਾਜਾਂ ਦੇ ਭਾਂਤ ਭਾਂਤ ਦੇ ਸਾਜ਼ਾਂ ਦੇ ਸੁਰ-ਮੇਲ ਨਾਲ ਇਕਸੁਰਤਾ (Unity) ਤਾਂ ਪੈਦਾ ਕੀਤੀ ਜਾ ਸਕਦੀ ਹੈ ਪਰ ਇਕਸਾਰਤਾ (Uniformity) ਨਹੀਂ। ਵੱਖ ਵੱਖ ਕੌਮਾਂ ਦੀਆਂ ਸਭਿਆਚਾਰਕ ਇਕਾਈਆਂ ਅੰਦਰ ਇਕਸੁਰਤਾ ਤਾਂ ਪੈਦਾ ਕੀਤੀ ਜਾ ਸਕਦੀ ਹੈ ਪਰੰਤੂ ਇਕਸਾਰਤਾ ਨਹੀਂ। ਇਹ ਤਾਂ ਕੁਦਰਤ ਦੇ ਅਸੂਲ ਦੇ ਵੀ ਵਿਰੁਧ ਹੈ। ਪੰਜੇ ਉਂਗਲਾਂ ਕਿਵੇਂ ਵੀ ਇਕੋ ਜੇਹੀਆਂ ਨਾ ਹੋ ਸਕਦੀਆਂ ਹਨ, ਨਾ

ਹੋਣੀਆਂ ਚਾਹੀਦੀਆਂ ਹੀ ਹਨ ਅਤੇ ਨਾਹੀਂ ਹੋ ਸਕਦੀਆਂ ਹਨ। ਇਹ ਨਾਜ਼ੀ ਸੋਚ ਰੱਬ ਵਿਰੋਧੀ ਸੋਚ ਹੈ। ਨਾ ਇਹ ਪਹਿਲਾਂ ਕਾਮਯਾਬ ਹੋਈ ਤੇ ਨਾ ਹੀਂ ਹੁਣ ਹੋਣੀ ਹੈ।

ਜਿਹੜੀਆਂ ਕੌਮਾਂ ਦੇ ਲੀਡਰ ਇਤਿਹਾਸ ਤੋਂ ਸਬਕ ਨਹੀਂ ਸਿਖਦੇ, ਉਹ ਕੌਮਾਂ ਮੁੜ ਮੁੜ ਕੇ ਧੋਖੇ ਦਾ ਸ਼ਿਕਾਰ ਹੁੰਦੀਆਂ ਹਨ। ਜਿਹੜੀਆਂ ਕੌਮਾਂ ਦੇ ਲੀਡਰ ਸਮੇਂ ਮੁਤਾਬਕ ਠੀਕ ਨੀਤੀ ਮਾਰਗ ਅਪਨਾਉਣ ਦੀ ਯੋਗਤਾ ਨਹੀਂ ਰੱਖਦੇ, ਸਮਾਂ ਉਹਨਾਂ ਕੌਮਾਂ ਦੀ ਹਸਤੀ ਨੂੰ ਮਿਟਾ ਕੇ ਰੱਖ ਦਿੰਦਾ ਹੈ। ਜੇ ਸਿਖ ਲੀਡਰਾਂ ਨੇ ਫ਼ੈਸਲੇ ਦੀਆਂ ਘੜੀਆਂ ਸਮੇਂ ਠੀਕ ਤੇ ਸੋਚ-ਸਮਝ ਕੇ ਕਦਮ ਚੁੱਕੇ ਹੁੰਦੇ, ਤਾਂ ਅੱਜ ਸਿੱਖ ਕੌਮ ਦੀ ਨਾ ਇਤਨੀ ਦੁਰਦਸ਼ਾ ਹੋਣੀ ਸੀ ਅਤੇ ਨਾ ਹੀਂ ਇਸ ਸੰਘਰਸ਼ ਦੀ ਹੀ ਲੋੜ ਪੈਣੀ ਸੀ। ਸਿਆਣੇ ਤੇ ਸੂਝਵਾਨ ਆਗੂ, ਦੂਰਗਾਮੀ ਨਤੀਜਿਆਂ ਦੇ ਬਾਵਜੂਦ, ਆਪਣੇ ਸੂਝ-ਬੂਝ ਦੇ ਸ਼ਸਤਰਾਂ ਨਾਲ ਮੇਜ਼ ਦੁਆਲੇ ਬੈਠਣ ਸਮੇਂ ਕਈ ਵਾਰੀ ਹਾਰੀ ਹੋਈ ਬਾਜ਼ੀ ਜਿੱਤ ਲੈਂਦੇ ਹਨ, ਜਿਵੇਂ ਕਿ ਜਿਨਾਹ ਸਾਹਿਬ ਨੇ ਬਿਖੜੇ ਸਮੇਂ ਦ੍ਰਿੜਤਾ ਨਾਲ ਆਪਣਾ ਕੌਮੀ ਘਰ ਲੈ ਵਿਖਾਇਆ। ਇਸ ਦੇ ਬਿਲਕੁਲ ਉਲਟ, ਪ੍ਰਾਪਤੀ ਦੀਆਂ ਫ਼ੈਸਲਾਕੁੰਨ ਘੜੀਆਂ ਦੌਰਾਨ ਸਿੱਖ ਆਗੂ ਹਮੇਸ਼ਾ ਬਾਜ਼ੀ ਹਾਰਦੇ ਰਹੇ ਹਨ।

ਦੇਸ਼ ਵੰਡ ਵੇਲੇ 25 ਫ਼ੀਸਦੀ ਵਸੋਂ ਵਾਲੀ ਮੁਸਲਮਾਨ ਕੌਮ ਤਾਂ ਹਿੰਦੂ ਕਾਂਗਰਸ ਦੇ ਦਾਅ-ਪੇਚਾਂ ਤੋਂ ਇਤਨੀ ਤ੍ਰੱਭਕ ਗਈ ਸੀ ਕਿ ਉਹ ਕਾਂਗਰਸ ਨਾਲ ਕਿਸੇ ਕਿਸਮ ਦਾ ਲਿਖਤੀ ਸਮਝੌਤਾ ਵੀ ਕਰਨ ਨੂੰ ਤਿਆਰ ਨਾ ਹੋਈ, ਹਰ ਕੀਮਤ 'ਤੇ ਆਪਣੇ ਅਜ਼ਾਦ ਘਰ ਦੀ ਹੀ ਮੰਗ ਦੁਹਰਾਈ ਅਤੇ ਆਪਣਾ ਮੁਲਕ ਲੈ ਕੇ ਹੀ ਉਸ ਸਾਹ ਲਿਆ ਸੀ। ਡੇਢ ਫੀਸਦੀ ਵਸੋਂ ਵਾਲੀ ਕੌਮ ਦੇ ਸਿੱਖ ਲੀਡਰਾਂ ਹਿੰਦੂ ਕਾਂਗਰਸ ਦੇ ਉਸੇ ਜ਼ਬਾਨੀ ਵਾਅਦੇ 'ਤੇ ਯਕੀਨ ਕੀਤਾ, ਜਿਹੜਾ ਉਹ ਵਾਰ ਵਾਰ ਤੋੜ ਚੁੱਕੀ ਸੀ। ਇਹ ਹੈ ਸੋਚਣ ਤੇ ਧਿਆਨ ਦੇਣ ਯੋਗ ਗੱਲ।

ਅਜ਼ਾਦੀ ਤੋਂ ਪਹਿਲਾਂ ਹਿੰਦੂ ਫ਼ਿਰਕੂ ਲੀਡਰ, ਹਿੰਦੂਆਂ ਵਿੱਚੋਂ ਨਿਕਲਿਆਂ ਨੂੰ ਮੁੜ ਹਿੰਦੂ ਬਣਾਉਣ ਦੀਆਂ ਚਿਤਾਵਨੀਆਂ ਪੈਰ ਪੈਰ 'ਤੇ ਦੇਂਦੇ ਰਹੇ। ਜਿਨਾਹ ਸਾਹਿਬ ਨੇ ਵੀ ਹਿੰਦੂ ਕੁਟਿਲ ਨੀਤੀ ਦੀਆਂ ਚਿਤਾਵਨੀਆਂ ਸਿੱਖ ਲੀਡਰਾਂ ਨੂੰ ਦਿੱਤੀਆਂ ਅਤੇ ਹਿੰਦੁਸਤਾਨ ਛੋੜ ਰਹੇ ਅੰਗਰੇਜ਼ਾਂ ਨੇ ਵੀ ਸਿੱਖ ਲੀਡਰਾਂ ਨੂੰ ਆਪਣਾ ਕੌਮੀ ਭਵਿਖ ਸੁਰੱਖਿਅਤ ਕਰ ਲੈਣ ਦੇ ਤੁਣਕੇ ਮਾਰੇ, ਪਰੰਤੂ ਕੌਮ ਦੇ ਭਵਿਖ ਦੇ ਦਰਦ ਕਿਸ ਨੂੰ? ਜਦ ਚਾਣਕੀਆ ਨੀਤੀ ਦੇ ਝਾਂਸਿਆਂ ਦੇ ਸਬਜ਼ ਬਾਗ਼ ਸਾਹਮਣੇ ਪਏ ਦਿੱਸਦੇ ਹੋਣ, ਵੰਨ-ਸੁਵੰਨੇ ਚੋਗਿਆਂ ਦੇ ਢੇਰ ਸਾਹਮਣੇ ਲਾ ਦਿੱਤੇ ਗਏ ਹੋਣ ਅਤੇ ਅੱਖਾਂ ਉਤੇ ਮੋਟੇ ਸੁਆਰਥ ਦੇ ਖੋਪੇ ਚਾੜ੍ਹ ਦਿੱਤੇ ਹੋਣ, ਤਾਂ ਉਥੇ ਦੀਨ-ਈਮਾਨ ਤੇ ਕੌਮ ਦੀਆਂ ਸੋਚਾਂ ਦੀ ਵਿਹਲ ਭਲਾ ਕਿਸ ਨੂੰ?

ਬ੍ਰਾਹਮਣਵਾਦ ਨੇ ਸਾਡੇ ਗੁਰੂ ਸਾਹਿਬਾਨ ਨਾਲ ਜਿਹੜੇ ਵਿਸਾਹਘਾਤ ਕੀਤੇ, ਸਾਡੇ ਸੁਆਰਥੀ ਲੀਡਰਾਂ, ਨਾ ਉਹਨਾਂ ਤੋਂ ਕੋਈ ਸਬਕ ਸਿੱਖਿਆ ਅਤੇ ਨਾ ਹੀਂ ਆਪਣੇ ਗੁਰੂਆਂ ਦੇ

ਹੁਕਮ ਦੀ ਹੀ ਕੋਈ ਪ੍ਰਵਾਹ ਕੀਤੀ। ਨਾ ਇਤਿਹਾਸ ਤੋਂ ਕੋਈ ਸਬਕ ਸਿੱਖਿਆ ਅਤੇ ਨਾ ਹੀਂ ਹਿੰਦੂ ਕੁਟਿਲ ਨੀਤੀ ਦੀਆਂ ਚਿਤਾਵਨੀਆਂ ਦੀ ਕੋਈ ਪ੍ਰਵਾਹ ਹੀ ਕੀਤੀ। ਨਾ ਅੰਗਰੇਜ਼ਾਂ ਵਲੋਂ ਆਪਣੀ ਹੋਂਦ ਸੁਰੱਖਿਅਤ ਕਰ ਲੈਣ ਵੱਲ ਹੀ ਕੋਈ ਧਿਆਨ ਦਿੱਤਾ ਅਤੇ ਨਾ ਹੀਂ ਵਾਇਸਰਾਏ ਦੀ ਕੌਂਸਲ ਦੇ ਸਿੱਖ ਵਿਚਾਰਵਾਨਾਂ ਦੀ ਹੀ ਕੋਈ ਗੱਲ ਸੁਣੀ। ਨਾ ਜਿਨਾਹ ਸਾਹਿਬ ਵਲੋਂ ਹਿੰਦੂ ਕੁਟਿਲ ਨੀਤੀ ਦੀਆਂ ਚਿਤਾਵਨੀਆਂ ਦੀ ਪ੍ਰਵਾਹ ਕੀਤੀ ਅਤੇ ਨਾ ਹੀਂ ਰਾਜ ਗੋਪਾਲ ਆਚਾਰੀਆ (ਅੰਗਰੇਜ਼ਾਂ ਤੋਂ ਹੀ ਆਪਣਾ ਹਿਸਾ ਲੈ ਲੈਣ) ਦੇ ਮਸ਼ਵਰੇ ਵੱਲ ਹੀ ਧਿਆਨ ਦਿੱਤਾ ਅਤੇ ਸਾਰੀ ਸਿੱਖ ਕੌਮ ਨੂੰ ਬ੍ਰਾਹਮਣਵਾਦ ਦੀ ਗ਼ੁਲਾਮੀ ਦੇ ਜਾਲ ਵਿੱਚ ਜਾ ਫਸਾਇਆ।

ਬ੍ਰਾਹਮਣਵਾਦ ਪਹਿਲੇ ਦਿਨ ਤੋਂ ਹੀ ਸਿਖੀ ਦਾ ਦੁਸ਼ਮਣ ਰਿਹਾ ਹੈ। ਇਸ ਵਲੋਂ ਸਿਖੀ ਦੇ ਬੂਟੇ ਨੂੰ ਲਗਦੇ ਸਾਰ ਹੀ ਪੁੱਟ ਦੇਣ ਦੇ ਲਗਾਤਾਰ ਵਾਰ ਹੁੰਦੇ ਰਹੇ, ਭਾਵੇਂ ਸਿਆਸੀ ਗ਼ੁਲਾਮੀ ਅਤੇ ਰਾਜ ਸੱਤਾ ਦੀ ਅਣਹੋਂਦ ਕਾਰਨ ਪਹਿਲਾਂ ਇਹ ਬਹੁਤਾ ਕੁਝ ਨਹੀਂ ਸੀ ਵਿਗਾੜ ਸਕਿਆ, ਪਰ ਬੁੱਧ ਮਤ ਤੇ ਜੈਨ ਮਤ ਵਾਂਗ ਸਿੱਖ ਧਰਮ ਨੂੰ ਨਿਗਲ ਜਾਣ ਵਲੋਂ ਇਹ ਕਦੀ ਅਵੇਸਲਾ ਨਹੀਂ ਸੀ ਹੋਇਆ, ਸਗੋਂ ਹਮੇਸ਼ਾ ਬੁੱਕਲ ਦਾ ਸੱਪ ਬਣਕੇ ਡੱਸਦਾ ਰਿਹਾ ਹੈ। ਜਿਉਂ ਜਿਉਂ ਸਿਖੀ ਦਾ ਬੂਟਾ ਵਧਦਾ-ਫੁਲਦਾ ਗਿਆ, ਤਿਉਂ ਤਿਉਂ ਇਸ ਦੀਆਂ ਜੜ੍ਹਾਂ, ਤਣੇ ਅਤੇ ਸ਼ਾਖਾਂ ਉਤੇ ਮਾਰੂ ਵਾਰ ਵੀ ਉਸੇ ਤਨਾਸਬ ਨਾਲ ਤਿੱਖੇ ਹੁੰਦੇ ਗਏ। ਅਜ਼ਾਦੀ ਮਗਰੋਂ ਜਿੰਨੇ ਤਿਖੇ ਤੇ ਮਾਰੂ ਵਾਰ ਅੰਦਰੋਂ ਤੇ ਬਾਹਰੋਂ ਸ਼ੁਰੂ ਹੋਏ, ਉਸ ਤੋਂ ਪਹਿਲਾਂ ਕਦੀ ਨਹੀ ਸੀ ਹੋਏ। ਕਿਉਂਕਿ ਅੱਜ ਦੇ ਬ੍ਰਾਹਮਣਵਾਦ ਕੋਲ ਰਾਜ-ਭਾਗ ਵੀ ਹੈ ਅਤੇ ਪ੍ਰੈਸ, ਰੇਡੀਓ, ਟੀਵੀ, ਆਦਿਕ ਵਿਗਿਆਨਕ ਸਾਧਨਾ ਨਾਲ ਵੀ ਇਹ ਪੂਰੀ ਤਰ੍ਹਾਂ ਹਥਿਆਰਬੰਦ ਹੈ। ਇਹ ਹਮੇਸ਼ਾ ਹੀ ਸਿਖੀ ਦਾ ਵੈਰੀ ਰਿਹਾ ਹੈ।

ਅਸਲੀਅਤ ਤਾਂ ਇਹ ਹੈ ਕਿ ਸਿੱਖ ਲੀਡਰਸ਼ਿਪ ਕਾਂਗਰਸ ਦੇ ਹੱਥਾਂ ਵਿੱਚ ਖੇਡ ਰਹੀ ਸੀ। ਸਿੱਖ ਲੀਡਰ ਹਿੰਦੂ ਕਾਂਗਰਸ ਦੇ ਮੁਹਰੇ ਬਣੇ ਰਹੇ; ਉਸ ਦੇ ਇਸ਼ਾਰਿਆਂ 'ਤੇ ਨੱਚਦੇ ਰਹੇ; ਜੋਕਰ ਦਾ ਪਾਰਟ ਅਦਾ ਕਰਦੇ ਰਹੇ; ਹਮੇਸ਼ਾ ਹਿੰਦੂ ਕਾਂਗਰਸ 'ਤੇ ਭਰੋਸਾ ਕਰਦੇ ਰਹੇ; ਕਾਂਗਰਸ ਹਮੇਸ਼ਾ ਸਿੱਖ ਹਿਤਾਂ ਨੂੰ ਨਜ਼ਰ ਅੰਦਾਜ਼ ਕਰਦੀ ਰਹੀ; ਸਿੱਖ ਹਿਤਾਂ ਨੂੰ ਵੇਚਦੀ ਰਹੀ; ਮੁਸਲਿਮ ਲੀਗ ਨਾਲ ਪੰਜਾਬ ਸਬੰਧੀ ਗੱਲਬਾਤ ਕਰਦਿਆਂ ਸਿੱਖਾਂ ਦਾ ਕਦੀ ਜ਼ਿਕਰ ਤਕ ਵੀ ਨਹੀਂ ਸੀ ਕਰਦੀ; ਸਗੋਂ ਸਿੱਖਾਂ ਨੂੰ ਕਮਜ਼ੋਰ ਕਰਨ ਦੇ ਹੀਲੇ ਹਰਬੇ ਵਰਤਦੀ ਰਹੀ। ਇਸ ਹਕੀਕਤ ਤੋਂ ਸਾਰੇ ਅਕਾਲੀ ਲੀਡਰ ਨਾ ਕੇਵਲ ਚੰਗੀ ਤਰ੍ਹਾਂ ਜਾਣੂ ਹੀ ਸਨ, ਸਗੋਂ 1944 ਦੀ ਅਕਾਲੀ ਕਾਨਫਰੰਸ ਵਿੱਚ ਸਾਰੇ ਆਪਣੇ ਮਤਿਆਂ ਰਾਹੀਂ ਗਾਂਧੀ ਨੂੰ ਕੋਸਦੇ ਵੀ ਰਹੇ ਸਨ ਕਿ ਉਸ ਨੇ 1929 ਵਿੱਚ ਸਿੱਖਾਂ ਨਾਲ ਕੀਤੇ ਆਪਣੇ ਵਾਅਦੇ ਮੁਤਾਬਕ ਪੰਜਾਬ ਸਬੰਧੀ ਚੱਲ ਰਹੀ ਗੱਲਬਾਤ ਵਿੱਚ ਸਿੱਖਾਂ ਨਾਲ ਸਲਾਹ-ਮਸ਼ਵਰਾ ਨਾ ਕਰਕੇ ਵਿਸ਼ਵਾਸਘਾਤ ਕੀਤਾ ਸੀ। (ਵੇਖੋ 'ਬਹਾਦਰ ਸਿੱਖ ਕੌਮ ਕਿਵੇਂ ਪਿੰਜਰੇ ਵਿੱਚ ਪਈ?' ਸਫ਼ਾ 91-93) ਹੁਣ ਸੁਆਲ

ਉਠਦਾ ਹੈ ਕਿ ਜਦ ਸਾਡੇ ਲੀਡਰਾਂ ਨੂੰ ਪਤਾ ਸੀ ਕਿ ਗਾਂਧੀ ਨੇ ਆਪਣਾ ਵਾਅਦਾ ਪੂਰਾ ਨਹੀਂ ਸੀ ਕੀਤਾ, ਫੇਰ ਉਸੇ ਵਿਸ਼ਵਾਸਘਾਤੀ ਨਾਲ ਕਿਉਂ ਸਿੱਖ ਕੌਮ ਦੀ ਤਕਦੀਰ ਜਾ ਜੋੜੀ?

ਸਿੱਖ ਲੀਡਰਾਂ ਦੇ ਮੁਕਾਬਲੇ 'ਤੇ ਮੁਸਲਮਾਨ ਦਿਮਾਗ਼ ਵੇਖੋ। ਸ਼ੇਖ ਅਬਦੁੱਲਾ ਨੇ ਨਹਿਰੂ ਦੇ ਜ਼ਬਾਨੀ ਵਾਅਦਿਆਂ 'ਤੇ ਇਤਬਾਰ ਨਹੀਂ ਸੀ ਕੀਤਾ। ਕਸ਼ਮੀਰ ਨੂੰ ਹਿੰਦੁਸਤਾਨ ਨਾਲ ਜੋੜਨ ਤੋਂ ਪਹਿਲਾਂ ਨਹਿਰੂ ਤੋਂ ਭਾਰਤੀ ਵਿਧਾਨ ਵਿੱਚ ਧਾਰਾ 370 ਲਿਖਵਾਈ, ਜਿਸ ਮੁਤਾਬਕ ਕਸ਼ਮੀਰ ਦਾ ਆਪਣਾ ਪ੍ਰਧਾਨ (ਸਦਰਿ ਰਿਆਸਤ), ਆਪਣਾ ਵਿਧਾਨ ਅਤੇ ਆਪਣਾ ਨਿਸ਼ਾਨ (ਝੰਡਾ) ਹੋਣਾ ਮੰਨਿਆ ਗਿਆ। ਭਾਰਤ ਕੋਲ ਕੇਵਲ ਚਾਰ ਮਹਿਕਮੇ-ਫ਼ੌਜ, ਡਾਕਤਾਰ, ਵਿਦੇਸ਼ੀ, ਕਰੰਸੀ, ਹੀ ਰੱਖੇ ਜਾਣੇ ਮੰਨੇ ਗਏ ਸਨ। ਕਸ਼ਮੀਰ ਦੇ ਆਪਣੇ ਕਾਨੂੰਨ, ਆਪਣੀ ਜ਼ਬਾਨ ਅਤੇ ਆਪਣੇ ਸਭਿਆਚਾਰ ਨੂੰ ਸਵੀਕਾਰਿਆ ਗਿਆ ਸੀ, ਜਿਸ ਮੁਤਾਬਕ ਗ਼ੈਰ-ਕਸ਼ਮੀਰੀ ਭਾਵ ਕੋਈ ਹਿੰਦੁਸਤਾਨੀ ਕਸ਼ਮੀਰ ਵਿੱਚ ਜਾਇਦਾਦ ਨਹੀਂ ਸੀ ਖ਼ਰੀਦ ਸਕਦਾ। ਸਿੱਖ ਲੀਡਰਾਂ ਇਤਨਾ ਕੁਝ ਵੀ ਕਿਉਂ ਨਾ ਲਿਆ, ਜਦ ਕਿ ਵੰਡ ਵੇਲੇ ਸਿੱਖ ਹਿੰਦੁਸਤਾਨ ਦੀ ਤੀਜੀ ਧਿਰ ਸਨ? ਇਹ ਇੱਕ ਵੱਖਰੀ ਗੱਲ ਹੈ ਕਿ ਕਿ ਠੱਗੀਮਾਰ ਬ੍ਰਾਹਮਣ-ਬਾਣੀਏ ਨੇ ਹੌਲੀ-ਹੌਲੀ ਕਸ਼ਮੀਰ ਦਾ ਸਭ ਕੁਝ ਵੱਖਰਾ ਖ਼ਤਮ ਕਰਕੇ ਉਥੇ ਭਾਰਤੀ ਵਿਧਾਨ, ਭਾਰਤੀ ਗਵਰਨਰ ਅਤੇ ਭਾਰਤੀ ਫ਼ੌਜ ਦਾ ਰਾਜ ਕਾਇਮ ਕਰ ਦਿੱਤਾ ਹੋਇਆ ਹੈ, ਪਰ ਆਪਣੇ ਵਲੋਂ ਮੁਸਲਮਾਨ ਲੀਡਰ ਨੇ ਆਪਣੀ ਕੌਮ ਲਈ ਸਭ ਕੁਝ ਪੱਕਾ ਕੀਤਾ ਸੀ। ਸਾਰੀ ਦੁਨੀਆ ਨੇ ਤਾਂ ਬ੍ਰਾਹਮਣ-ਬਾਣੀਏ ਦੀ ਕਸ਼ਮੀਰ ਨਾਲ ਕੀਤੀ ਇੱਕ ਹੋਰ ਠੱਗੀ ਤੱਕ ਲਈ ਹੈ, ਪਰ ਸਿੱਖ ਲੀਡਰਾਂ ਅੱਜੇ ਤਕ ਕੋਈ ਸਬਕ ਨਹੀਂ ਸਿਖਿਆ।

ਪਿੱਛੇ ਜਿਹੇ ਇਲੈਕਸ਼ਨਾਂ ਹੋਈਆਂ। ਸ. ਪ੍ਰਕਾਸ਼ ਸਿੰਘ ਬਾਦਲ ਨੇ ਬਿਨਾਂ ਕਿਸੇ ਸ਼ਰਤ ਦੇ ਭਾਜਪਾ ਨੂੰ ਹਿਮਾਇਤ ਦੇਣ ਦਾ ਐਲਾਨ ਦੇ ਮਾਰਿਆ। ਉਸ ਭਾਜਪਾ ਅਤੇ ਆਰ. ਐਸ. ਐਸ. ਦੀ ਬਿਨਾਂ ਸ਼ਰਤ ਹਿਮਾਇਤ ਕਰਨ ਦਾ ਐਲਾਨ ਕੀਤਾ, ਜਿਹੜੇ ਸਿੱਖਾਂ ਨੂੰ ਕੇਸਾਧਾਰੀ ਹਿੰਦੂ ਆਖਦੇ ਹਨ; ਜਿਹੜੇ ਪੰਜਾਬੀ ਜ਼ਬਾਨ ਨੂੰ ਉਜੱਡ ਜ਼ਬਾਨ ਦੱਸਦੇ ਹਨ; ਜਿਨ੍ਹਾਂ ਦਰਬਾਰ ਸਾਹਿਬ ਉਤੇ ਹੋਏ ਹਮਲੇ ਦੀ ਖ਼ੁਸ਼ੀ ਵਿੱਚ ਲੱਡੂ ਵੰਡੇ ਸਨ; ਜਿਨ੍ਹਾਂ ਹਮੇਸ਼ਾ ਪੰਜਾਬ ਨਾਲ ਗ਼ਦਾਰੀਆਂ ਕੀਤੀਆਂ; ਜਿਹੜੇ ਹਮੇਸ਼ਾ ਪੰਥ ਦੋਖੀ ਰਹੇ ਹਨ ਅਤੇ ਜਿਨ੍ਹਾਂ ਨੇ ਸਿੱਖੀ ਦੀ ਫੱਟੀ ਪੋਚ ਦੇਣ ਦੀ ਸਹੁੰ ਖਾ ਰੱਖੀ ਹੈ। ਇਸ ਦੇ ਮੁਕਾਬਲੇ ਤੇ ਇਕ ਹੋਰ ਮੁਸਲਮਾਨ ਇਮਾਮ ਦੀ ਮਿਸਾਲ ਹਾਜ਼ਰ ਹੈ।

ਇਸ ਤੋਂ ਪਹਿਲਾਂ ਕਿ ਮੈਂ ਪਾਠਕਾਂ ਸਾਹਮਣੇ ਸ਼ਾਹੀ ਇਮਾਮ ਸਈਯਦ ਅਬਦੁਲਾ ਬੁਖ਼ਾਰੀ ਦੀ ਵਿਸ਼ੇਸ਼ ਇੰਟਰਵਿਊ ਦਾ ਕੁਝ ਹਿਸਾ ਰੱਖਾਂ, ਉਹਨਾਂ ਸਬੰਧੀ ਕੁਝ ਜਾਣਕਾਰੀ ਦੇਣੀ ਜ਼ਰੂਰੀ ਬਣਦੀ ਹੈ। ਆਪ ਇੱਕ ਧਾਰਮਿਕ ਆਗੂ ਘੱਟ ਅਤੇ ਮੁਸਲਿਮ ਸਿਆਸਤਦਾਨ ਕਰਕੇ ਵਧੇਰੇ ਜਾਣੇ ਜਾਂਦੇ ਹਨ ਅਤੇ ਘਟਗਿਣਤੀਆਂ ਦੇ ਇੱਕਠੇ ਹੋ ਕੇ

ਆਪਣੇ ਹੱਕਾਂ ਲਈ ਲੜਨ ਵਿੱਚ ਵਿਸ਼ਵਾਸ ਰੱਖਦੇ ਹਨ। ਸਿੱਖ ਮਸਲਿਆਂ ਨਾਲ ਆਪ ਦੀ ਕਾਫ਼ੀ ਨੇੜਤਾ ਰਹੀ ਹੈ। ਦਿੱਲੀ ਦੀਆਂ ਸਿੱਖ ਸਟੇਜਾਂ ਤੋਂ ਸੰਗਤਾਂ ਨੂੰ ਸੰਬੋਧਨ ਕਰਦੇ ਰਹਿੰਦੇ ਹਨ। (ਸਾਡੇ ਜਥੇਦਾਰ ਲਈ ਤਾਂ ਇਹ ਸਭ ਕੁਝ ਸਿਆਸਤ ਹੈ, ਕਿਉਂਕਿ ਇਹ ਤਾਂ ਸੱਜ-ਧੱਜ ਕੇ ਦੁਕਾਨਾਂ ਤੇ ਘਰਾਂ ਦੀਆਂ ਚੱਠਾਂ-ਮਹੂਰਤ ਦਾ ਹੀ ਕੰਮ ਕਰਨ ਵਾਲੇ ਹਨ) ਧਰਮ ਯੁਧ ਮੋਰਚੇ ਦੌਰਾਨ ਆਪ ਦਰਬਾਰ ਸਾਹਿਬ ਗਏ ਸਨ ਅਤੇ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂ ਵਾਲਿਆਂ ਨਾਲ ਸਾਂਝੇ ਮਸਲਿਆਂ ਸਬੰਧੀ ਵਿਚਾਰ-ਵਟਾਂਦਰਾ ਕਰਦੇ ਰਹੇ ਸਨ। ਸੰਤ ਜੀ ਦਾ ਬਹੁਤ ਸਤਿਕਾਰ ਕਰਦੇ ਸਨ।

ਜਿੱਥੇ ਸਿੱਖ ਲੀਡਰਾਂ ਦੀ ਸੋਚ ਵਜ਼ੀਰੀਆਂ ਦੁਆਲੇ ਘੁੰਮ ਰਹੀ ਹੈ, ਉਥੇ ਮੁਸਲਮਾਨ ਆਗੂਆਂ ਦੀ ਸੋਚ ਸਮੁੱਚੀ ਕੌਮੀ ਭਲਾਈ ਦੁਆਲੇ ਘੁੰਮ ਰਹੀ ਹੈ। ਮੁਸਲਮਾਨ ਲੀਡਰ ਕਿਤਨੇ ਸੂਝ-ਬੂਝ ਵਾਲੇ ਹਨ, ਕਿਤਨੇ ਮੁਦੱਬਰ ਹਨ ਅਤੇ ਕਿਤਨੀ ਉਚੀ ਕੌਮੀ ਸੋਚ ਰੱਖਦੇ ਹਨ, ਉਸ ਦਾ ਅੰਦਾਜ਼ਾ ਸ਼ਾਹੀ ਇਮਾਮ ਸਈਯਦ ਅਬਦੁਲਾ ਬੁਖ਼ਾਰੀ ਦੇ ਅਪ੍ਰੈਲ 1990 ਦੇ 'ਸੰਤ ਸਿਪਾਹੀ' ਸਫ਼ਾ 45-46 'ਤੇ ਛਪੇ ਵਿਸ਼ੇਸ਼ ਇੰਟਰਵਿਊ ਤੋਂ ਲਗਾਇਆ ਜਾ ਸਕਦਾ ਹੈ। ਪਿੱਛਲੀਆਂ ਇਲੈਕਸ਼ਨਾਂ ਤੋਂ ਪਹਿਲਾਂ ਆਪ ਨੇ ਵੀ.ਪੀ.ਸਿੰਘ ਨਾਲ ਲਿਖਤੀ ਅਹਿਦਨਾਮਾ ਕੀਤਾ ਸੀ, ਜਿਸ ਬਦਲੇ 13 ਫ਼ੀਸਦੀ ਮੁਸਲਮਾਨਾਂ. ਜਿਹੜੇ ਕਿ ਕਾਂਗਰਸ ਦਾ ਬੈਂਕ ਸਮਝੇ ਜਾਂਦੇ ਸਨ, ਨੇ ਕਾਂਗਰਸ ਵਿਰੁਧ ਜਨਤਾ ਪਾਰਟੀ ਨੂੰ ਵੋਟਾਂ ਪਾਈਆਂ ਸਨ। ਹੇਠਾਂ ਉਸ ਇੰਟਰਵਿਊ ਵਿੱਚੋਂ ਕੁਝ ਸੁਆਲ ਜਵਾਬ ਪਾਠਕਾਂ ਦੇ ਗਿਆਤ ਲਈ ਹਾਜ਼ਰ ਹਨ -

?- ਲੱਗਦਾ ਹੈ ਕਿ ਹੁਣ ਤਕ ਸਰਕਾਰ ਦੀਆਂ ਨੀਤੀਆਂ ਤੋਂ ਤੁਸੀਂ ਸੰਤੁਸ਼ਟ ਹੋ।

- ਮੈਂ ਆਪਣੇ ਨਾਲ ਹੋਏ ਸਮਝੌਤੇ ਤੋਂ ਸੰਤੁਸ਼ਟ ਹਾਂ।

?- ਕਿਹੜਾ ਸਮਝੌਤਾ?

- ਇਹ ਮੈਂ ਨਹੀਂ ਦੱਸਾਂਗਾ।

?- ਕੀ ਸਮਝੌਤੇ ਦਾ ਤੁਅਲਕ ਰਾਮ ਜਨਮ ਭੂਮੀ ਨਾਲ ਹੈ?

- ਰਾਮ ਜਨਮ ਭੂਮੀ ਹੀ ਕਿਉਂ? ਮੈਨੂੰ ਨਹੀਂ ਯਾਦ ਸਮਝੌਤਾ ਇਸ ਨਾਲ ਸਬੰਧਤ ਹੈ ਕਿ ਨਹੀਂ। ਉਸ ਦਾ ਸਬੰਧ ਸਾਰੇ ਮਸਲਿਆਂ ਨਾਲ ਹੈ। ਇਹ ਲਾਕਰ ਵਿੱਚ ਪਿਆ ਹੈ।

?- ਕੀ?

? ਕੀ ਉਹ ਲਿਖਤੀ ਸਮਝੌਤਾ ਹੈ?

- ਹਾਂ।

?- ਅਤੇ ਤੁਹਾਡੇ ਕੋਲ ਹੈ?

- ਮੇਰੇ ਲਾਕਰ ਵਿੱਚ ਪਿਆ ਹੈ।

?- ਕੀ ਉਹ ਚੋਣਾਂ ਤੋਂ ਪਹਿਲਾਂ ਤਿਆਰ ਹੋਇਆ ਸੀ?

- ਹਾਂ।

?- ਕੀ ਜਨਤਾ ਦਲ ਦੇ ਦੂਜੇ ਲੀਡਰਾਂ ਨੂੰ ਇਸ ਬਾਰੇ ਪਤਾ ਹੈ?

- ਮੈਂ ਕੁਝ ਨਹੀਂ ਕਹਿਣਾ। ਦਸਤਖ਼ਤ ਮੌਜੂਦ ਹਨ।
?- ਕੀ ਸਮਝੌਤੇ ਉਤੇ ਕੋਈ ਮੁਹਰ ਵੀ ਲਗੀ ਹੈ?
- ਹਾਂ।

ਕਿਥੇ ਬਾਦਲ ਦੀ ਬਿਨਾਂ ਸ਼ਰਤ ਸਿੱਖਾਂ ਦੀ ਦੁਸ਼ਮਣ ਨੰਬਰ ਇਕ ਭਾਜਪਾ ਨੂੰ ਹਿਮਾਇਤ ਦੇਣੀ ਤੇ ਕਿਥੇ ਇੱਕ ਮੁਸਲਮਾਨ ਧਾਰਮਿਕ ਆਗੂ ਦਾ ਆਪਣੀ ਕੌਮ ਲਈ ਲਿਖਤੀ ਅਹਿਦਨਾਮਾ ਕਰਕੇ ਵੋਟਾਂ ਪਾਣੀਆਂ। ਦਿੱਲੀ, ਹਰਿਆਣਾ, ਰਾਜਿਸਥਾਨ, ਮੱਧ ਪ੍ਰਦੇਸ਼, ਬੰਬਈ, ਯੂਪੀ ਅਤੇ ਕਈ ਹੋਰ ਪ੍ਰਾਂਤਾਂ ਦੇ ਬਹੁਤ ਸਾਰੇ ਅਜਿਹੇ ਪਾਰਲੀਮਾਨੀ ਹਲਕੇ ਹਨ, ਜਿੱਥੇ ਕਿਸੇ ਵੀ ਪਾਰਟੀ ਦੀ ਹਾਰ-ਜਿੱਤ ਦਾ ਫ਼ੈਸਲਾ ਸਿੱਖ ਵੋਟਾਂ 'ਤੇ ਨਿਰਭਰ ਕਰਦਾ ਹੈ। ਹਰਿਆਣਾ, ਰਾਜਿਸਥਾਨ, ਦਿੱਲੀ ਅਤੇ ਉਤਰ ਪ੍ਰਦੇਸ਼ ਦੀਆਂ ਘੱਟੋ ਘੱਟ 25 ਫ਼ੀਸਦੀ ਸੀਟਾਂ (ਜਿਨ੍ਹਾਂ ਦੀ ਹਾਰ-ਜਿੱਤ ਦਾ ਫ਼ੈਸਲਾ ਸਿੱਖ ਵੋਟਾਂ ਨਾਲ ਹੁੰਦਾ ਹੈ) ਸਿੱਖ ਵੋਟਰਾਂ ਦੀ ਬਦੌਲਤ ਹੀ ਭਾਜਪਾ ਦੀ ਝੋਲੀ ਪਈਆਂ। ਇਹੀ ਹਾਲ ਦਿੱਲੀ ਦੀ ਅਸੰਬਲੀ ਦਾ ਹੈ, ਜਿੱਥੇ ਸਿੱਖ ਵੋਟਾਂ ਹੀ ਹਾਰ-ਜਿੱਤ ਦਾ ਫ਼ੈਸਲਾ ਕਰਦੀਆਂ ਹਨ। ਕੀ ਅਜਿਹੀਆਂ ਥਾਵਾਂ 'ਤੇ ਸਾਡੇ ਲੀਡਰ ਸਿਖ ਵੋਟਾਂ ਦੇ ਬਲ-ਬੋਤੇ ਨਾਲ ਕੌਮ ਦੇ ਭਵਿਖ ਲਈ ਸਮਝੌਤੇ ਨਹੀਂ ਕੀਤੇ ਜਾ ਸਕਦੇ? ਸਭ ਕੁਝ ਹੋ ਸਕਦਾ ਹੈ, ਜੇ ਕੌਮ ਦਾ ਦਰਦ ਹੋਵੇ। ਸਾਡੇ ਲੀਡਰ ਤਾਂ ਵਜ਼ਾਰਤਾਂ ਲਈ ਅਤੇ ਆਪਣੇ ਪੁੱਤਰਾਂ ਤੇ ਜਵਾਈਆਂ ਨੂੰ ਵਜ਼ੀਰ ਬਣਾਉਣ ਖ਼ਾਤਰ ਦੀਨ-ਈਮਾਨ ਵੇਚੀ ਬੈਠੇ ਹਨ।

ਜੇ ਕੋਈ ਸਿਖ ਕੌਮ ਦਾ ਕੌਮ ਹਿਤੈਸ਼ੀ ਸੂਝਵਾਨ ਆਗੂ ਹੁੰਦਾ, ਤਾਂ ਸਿੱਖੀ ਤੇ ਪੰਜਾਬ ਦੀ ਦੁਸ਼ਮਣ ਨੰਬਰ ਇਕ ਭਾਜਪਾ ਨੂੰ ਬਿਨਾਂ ਸ਼ਰਤ ਹਮਾਇਤ ਦੇਣ ਦੇ ਬਾਰ-ਬਾਰ ਐਲਾਨ ਕਰਨ ਦੀ ਬਜਾਏ ਉਸ ਸਾਹਮਣੇ ਪੰਜਾਬ ਮਸਲਿਆਂ ਦੇ ਹੱਲ ਕਰਨ ਦੀਆਂ ਸ਼ਰਤਾਂ ਰੱਖਦਾ। ਜੇ ਬਾਦਲ ਅਜ਼ਾਦ ਖ਼ਾਲਿਸਤਾਨ ਦੀ ਮੰਗ ਨਹੀਂ ਸੀ ਰੱਖ ਸਕਦਾ, ਤਾਂ ਅਨੰਦਪੁਰ ਮਤੇ ਦੀ ਮੰਗ ਤਾਂ ਰੱਖ ਸਕਦਾ ਸੀ। ਜੇ ਇਹ ਵੀ ਨਹੀਂ ਸੀ ਰੱਖ ਸਕਦਾ, ਤਾਂ ਘੱਟ ਤੋਂ ਘੱਟ ਇਹ ਤਾਂ ਕਹਿ ਸਕਦਾ ਸੀ ਕਿ ਅਸੀਂ ਉਸ ਹਾਲਤ ਵਿੱਚ ਹੀ ਸਹਿਯੋਗ ਦਿਆਂਗੇ, ਜੇ ਭਾਜਪਾ ਸਾਨੂੰ ਪੰਜਾਬ ਦੇ ਹੇਠ ਲਿਖੇ ਮਸਲਿਆਂ ਦੇ ਹੱਲ ਕੀਤੇ ਜਾਣ ਦੀ ਲਿਖਤੀ ਗਰੰਟੀ ਦੇਵੇਗੀ-

ਤਿੰਨ ਮਹੀਨਿਆਂ ਦੇ ਅੰਦਰ ਅੰਦਰ ਚੰਡੀਗੜ੍ਹ ਅਤੇ ਪੰਜਾਬੀ ਬੋਲਦੇ ਇਲਾਕੇ ਵਾਪਸ ਪੰਜਾਬ ਨੂੰ ਦੇਕੇ ਪੰਜਾਬੀ ਸੂਬੇ ਨੂੰ ਮੁਕੰਮਲ ਕੀਤਾ ਜਾਏਗਾ। ਬਿਨਾਂ ਮੁਕੱਦਮਾ ਚਲਾਏ ਜੇਲ੍ਹਾਂ ਵਿੱਚ ਬੰਦ ਸਾਰੇ ਨਿਰਦੋਸ਼ ਸਿੱਖਾਂ ਨੂੰ ਫ਼ੌਰੀ ਰਿਹਾ ਕਰਕੇ ਉਹਨਾਂ ਨੂੰ ਮੁਆਵਜ਼ਾ ਦਿੱਤਾ ਜਾਏਗਾ। ਰਾਏਪੇਰੀਅਨ ਕਾਨੂੰਨ ਦੇ ਅਧੀਨ ਪੰਜਾਬ ਦੇ ਪਾਣੀ ਦਾ ਮਾਲਕ ਪੰਜਾਬ ਨੂੰ ਮੰਨਿਆ ਜਾਏਗਾ ਅਤੇ ਇਸ ਸਬੰਧੀ ਪਿਛਲੀਆਂ ਸਾਰੀਆਂ ਲਿਖਤਾਂ ਰੱਦ ਸਮਝੀਆਂ ਜਾਣਗੀਆਂ। ਪੰਜਾਬ ਦੇ ਪਾਣੀ ਤੇ ਬਿਜਲੀ ਦਾ ਕੰਟਰੋਲ ਛੇ ਮਹੀਨੇ ਦੇ ਅੰਦਰ-ਅੰਦਰ ਪੰਜਾਬ ਦੇ ਹਵਾਲੇ ਕਰ ਦਿੱਤਾ ਜਾਏਗਾ। ਬਲਿਊ ਸਟਾਰ ਆਪਰੇਸ਼ਨ ਅਤੇ ਨਵੰਬਰ ਚੁਰਾਸੀ ਦੇ ਦੇਸ਼ ਵਿਆਪੀ ਸਿੱਖਾਂ ਦੇ ਕਤਲੇਆਮ ਲਈ ਸਰਕਾਰ ਮੁਆਫ਼ੀ ਮੰਗਕੇ ਦੋਸ਼ੀਆਂ ਨੂੰ ਸਜ਼ਾ ਦੇਣ ਲਈ ਨਿਊਰਮਬਰਗ ਟਰਾਇਲਜ਼ ਵਰਗੀਆਂ ਅਦਾਲਤਾਂ ਕਾਇਮ ਕਰੇਗੀ ਅਤੇ ਪੀੜਤ

ਸਿਖ ਪਰਿਵਾਰਾਂ ਨੂੰ ਢੁਕਵਾਂ ਮੁਆਵਜ਼ਾ ਦੇਵੇਗੀ। ਭਾਰਤੀ ਫ਼ੌਜ ਵਿੱਚ ਸਿੱਖਾਂ ਦਾ 1947 ਦਾ ਅਨੁਪਾਤ ਬਹਾਲ ਕੀਤਾ ਜਾਏਗਾ। ਪਾਰਲੀਮੈਂਟ ਦੀਆਂ ਸਾਰੀਆਂ ਸਿਆਸੀ ਪਾਰਟੀਆਂ ਦੀ ਇਕ ਕਮੇਟੀ ਬਣਾ ਕੇ ਅਜ਼ਾਦੀ ਵੇਲੇ ਸਿੱਖਾਂ ਨਾਲ ਕੀਤੇ ਗਏ ਵਾਅਦਿਆਂ ਨੂੰ ਇੱਕ ਸਾਲ ਦੇ ਅੰਦਰ-ਅੰਦਰ ਲਾਗੂ ਕਰਨ ਦਾ ਪਲਾਨ ਪੇਸ਼ ਕਰੇਗੀ। ਸਿੱਖ ਕੌਮ ਦੀ ਸਾੜੀ ਗਈ ਇਤਿਹਾਸਕ ਲਾਇਬਰੇਰੀ ਨੂੰ ਬਹਾਲ ਕੀਤਾ ਜਾਏਗਾ ਅਤੇ ਸਿੱਖ ਕੌਮ ਦੇ ਲੁੱਟੇ ਗਏ ਤੋਸ਼ੇਖ਼ਾਨੇ ਦੀਆਂ ਵਸਤਾਂ ਵਾਪਸ ਕੀਤੀਆਂ ਜਾਣਗੀਆਂ।

ਜਿਤਨਾ ਚਿਰ ਸਿੱਖਾਂ ਦੇ ਅਜ਼ਾਦ ਖਿੱਤੇ ਦਾ ਵਾਅਦਾ ਪੂਰਾ ਨਹੀਂ ਕੀਤਾ ਜਾਂਦਾ, ਉਤਨਾ ਚਿਰ ਤਕ ਭਾਰਤੀ ਪਾਰਲੀਮੈਂਟ ਅਤੇ ਹੋਰ ਪ੍ਰਾਂਤਕ ਸਰਕਾਰਾਂ ਵਲੋਂ ਕੋਈ ਵੀ ਅਜਿਹਾ ਕਾਨੂੰਨ ਸਿੱਖਾਂ 'ਤੇ ਲਾਗੂ ਨਹੀਂ ਕੀਤਾ ਜਾਏਗਾ, ਜਿਸ ਨੂੰ ਸਿੱਖਾਂ ਦੀ ਸ਼੍ਰੋ.ਗੁ.ਪ੍ਰਬੰਧਕ ਕਮੇਟੀ ਦੇ ਮੈਂਬਰਾਂ ਦੀ ਬਹੁਗਿਣਤੀ ਪ੍ਰਵਾਨ ਨਹੀਂ ਕਰੇਗੀ ਅਤੇ ਜਿਸ ਕਾਨੂੰਨ ਨੂੰ ਪਾਸ ਕੀਤੇ ਜਾਣ ਲਈ ਉਹ ਸਿਫ਼ਾਰਿਸ਼ ਕਰੇਗੀ, ਉਹ ਕਾਨੂੰਨ ਛੇ ਮਹੀਨਿਆਂ ਦੇ ਅੰਦਰ-ਅੰਦਰ ਪਾਸ ਕਰ ਦਿੱਤਾ ਜਾਏਗਾ। ਭਾਰਤ ਦੇ ਕਿਸੇ ਵੀ ਹਿੱਸੇ ਵਿੱਚ ਸਿੱਖਾਂ ਨਾਲ ਕੀਤੇ ਗਏ ਧੱਕੇ ਜਾਂ ਵਿਤਕਰੇ ਨੂੰ ਦੂਰ ਕਰਨ ਲਈ ਜੋ ਸ਼ਿਫ਼ਾਰਿਸ਼ ਸ਼੍ਰੋ.ਗੁ.ਪ੍ਰਬੰਧਕ ਕਮੇਟੀ ਦੇ ਮੈਂਬਰਾਂ ਦੀ ਬਹੁਗਿਣਤੀ ਕਰੇਗੀ, ਉਸ ਅਨੁਸਾਰ ਉਸ ਵਿਤਕਰੇ ਨੂੰ ਤਿੰਨ ਮਹੀਨਿਆਂ ਦੇ ਅੰਦਰ-ਅੰਦਰ ਦੂਰ ਕੀਤਾ ਜਾਏਗਾ। ਪੰਜਾਬੀ ਸੂਬੇ ਵਿੱਚ ਪੰਜਾਬੀ ਹਰ ਅਦਾਰੇ ਵਿੱਚ ਲਾਜ਼ਮੀ ਹੋਵੇਗੀ। ਜਲੰਧਰ ਰੇਡੀਓ ਸਟੇਸ਼ਨ ਤੋਂ ਪੰਜਾਬੀ ਅਤੇ ਅੰਗਰੇਜ਼ੀ ਵਿੱਚ ਹੀ ਖ਼ਬਰਾਂ ਦਿੱਤੀਆਂ ਜਾਣਗੀਆਂ।

ਜੇ ਭਾਜਪਾ ਸਾਡੀਆਂ ਮੰਗਾਂ ਲਿਖਤੀ ਰੂਪ ਵਿੱਚ ਮੰਨਦੀ, ਤਾਂ ਹੀ ਅਸੀਂ ਉਸ ਨੂੰ ਸਹਿਯੋਗ ਦਿੰਦੇ। ਉਸ ਹਾਲਤ ਵਿੱਚ ਉਸ ਦੀ ਸਰਕਾਰ ਬਣਨੀ ਸੀ। ਜੇ ਸਾਡੇ ਗੈਰ-ਜ਼ਿਮੇਵਾਰ ਸਿੱਖ ਲੀਡਰਾਂ ਨੇ ਸਿੱਖ ਦੁਸ਼ਮਣ ਭਾਜਪਾ ਦੇ ਬਕਸਿਆਂ ਵਿੱਚ ਸਿੱਖ ਵੋਟਾਂ ਨਾ ਪੁਆਈਆਂ ਹੁੰਦੀਆਂ, ਤਾਂ ਨਾ ਦਿੱਲੀ ਅਸੰਬਲੀ ਵਿੱਚ ਭਾਜਪਾ ਸਰਕਾਰ ਹੁੰਦੀ ਅਤੇ ਨਾ ਹੀਂ ਕੇਂਦਰ ਵਿੱਚ ਜਨਸੰਘੀ ਸਰਕਾਰ ਹੁੰਦੀ। ਦਿੱਲੀ ਅਸੰਬਲੀ ਦੀਆਂ ਚੋਣਾਂ ਵੇਲੇ ਸਿੱਖ ਵੋਟਾਂ ਲੈਣ ਲਈ ਇਸ ਭਾਜਪਾ ਨੇ ਨਾਅਰਾ ਦਿੱਤਾ ਸੀ ਕਿ ਉਹ ਨਵੇਂ ਯੁੱਗ ਦਾ ਆਰੰਭ ਕਰੇਗੀ ਅਤੇ ਚੁਰਾਸੀ ਦੇ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾਵਾਂ ਦੇਵੇਗੀ। ਕੇਂਦਰ ਵਿੱਚ ਵੀ ਪਹਿਲਾਂ ਆਪਣੇ ਆਪ ਨੂੰ ਪੰਜਾਬੀ ਪੁੱਤਰ ਅਖਵਾਉਣ ਵਾਲਾ ਗੁਜਰਾਲ ਪ੍ਰਧਾਨ ਮੰਤਰੀ ਸੀ, ਹੁਣ ਤਾਂ ਜਨਸੰਘੀਆਂ ਦਾ ਆਪਣਾ ਹੀ ਪ੍ਰਧਾਨ ਮੰਤਰੀ ਹੈ ਅਤੇ ਆਪਣੀ ਹੀ ਕੇਂਦਰੀ ਸਰਕਾਰ ਹੈ। ਹੁਣ ਤਾਂ ਕੋਈ ਰੋਕਣ ਵਾਲਾ ਵੀ ਨਹੀਂ। ਫੇਰ ਕਿਉਂ ਨਹੀਂ ਸਜ਼ਾਵਾਂ ਦਿੱਤੀਆਂ ਜਾ ਰਹੀਆਂ? ਕਿਸ ਸਜ਼ਾਵਾਂ ਦੇਣੀਆਂ? ਸਿੱਖ ਨਸਲ ਕੁਸ਼ੀ ਦੇ ਹਰ ਕਦਮ 'ਤੇ ਕਾਂਗਰਸ ਭਾਜਪਾ ਨਾਲ ਵਿਚਾਰ-ਵਟਾਂਦਰਾ ਕਰਦੀ ਰਹੀ ਸੀ। ਸਿੱਖ ਨਸਲਕੁਸ਼ੀ ਦੇ ਮਸਲੇ 'ਤੇ ਭਾਜਪਾ ਕਾਂਗਰਸ ਨਾਲੋਂ ਦਸ ਕਦਮ ਅੱਗੇ ਹੈ।

ਜੇ ਭਾਰਤੀ ਰਾਸ਼ਟਰਵਾਦ ਦਾ ਆਧਾਰ ਹਿੰਦੂ ਬਹੁਗਿਣਤੀ ਦਾ ਸਭਿਆਚਾਰ ਹੈ, ਹਿੰਦੂ ਬਹੁਗਿਣਤੀ ਦਾ ਧਰਮ ਹੈ ਅਤੇ ਹਿੰਦੂ ਬਹੁਗਿਣਤੀ ਦੀ ਬੋਲੀ ਹੈ ਤਾਂ ਅਜਿਹੇ

ਰਾਸ਼ਟਰਵਾਦ ਵਿੱਚ ਵੱਖਵਾਦ ਦੀਆਂ ਲਹਿਰਾਂ ਦਾ ਉਠਣਾ ਤੇ ਤੂਫ਼ਾਨ ਆਉਣੇ ਕੁਦਰਤੀ ਹਨ। ਅਜਿਹੇ ਹਿੰਦੂ ਰਾਸ਼ਟਰਵਾਦ ਦੇ ਇਸ ਸ਼ੂਕਦੇ ਤੇ ਵਾਹੋਦਾਹੀ ਵਧਦੇ ਤੂਫ਼ਾਨ ਅੱਗੇ ਫ਼ੌਲਾਦੀ ਖ਼ਾਲਸੇ ਦਾ ਡਟ ਖਲੋਣਾ ਅਤੇ ਇਸ ਤੋਂ ਲੋਕਾਂ ਨੂੰ ਬਚਾਉਣ ਲਈ ਤੱਤਪਰ ਹੋਣਾ ਕੁਦਰਤੀ ਤੇ ਸੁਭਾਵਕ ਗੱਲ ਹੈ। ਬ੍ਰਾਹਮਣਵਾਦ ਦਾ ਅੱਜ ਸਾਰਾ ਜ਼ੋਰ ਸਿੱਖਾਂ ਤੇ ਮੁਸਲਮਾਨਾਂ ਨੂੰ ਖ਼ਤਮ ਕਰ ਦੇਣ ਤੇ ਲਗਾ ਹੋਇਆ ਹੈ। ਹਿਕ ਦੇ ਜ਼ੋਰ ਨਾਲ, ਧੱਕੇ ਨਾਲ ਅਤੇ ਕਾਨੂੰਨ ਦੇ ਆਸਰੇ ਨਾਲ ਸਿੱਖਾਂ ਵਰਗੀ ਅਣਖੀਲੀ ਕੌਮ ਦਾ ਸਰਬਨਾਸ਼ ਕਰਨ ਲਈ ਲੱਕ ਬੰਨ੍ਹੀ ਖਲੋਤਾ ਹੈ।

ਇਹ ਹੈ ਸੰਖੇਪ ਰੂਪਰੇਖਾ ਵਕਤ ਦੀ ਹਾਕਮ ਜਮਾਤ ਦੇ ਕਿਰਦਾਰ ਦੀ, ਹਿੰਦੂ ਸਾਮਰਾਜ ਦੇ ਰਾਸ਼ਟਰਵਾਦ ਦੀ ਅਤੇ ਮਨੂਵਾਦੀ ਕੁਚੇਸ਼ਟਾ ਦੀ, ਜਿਨ੍ਹਾਂ ਲੋਕਤੰਤਰਤਾ ਦਾ ਬੁਰਕਾ ਪਾ ਕੇ ਸਿਖ ਕੌਮ ਨਾਲ ਠੱਗੀਆਂ ਮਾਰੀਆਂ, ਅਜ਼ਾਦ ਖਿੱਤਾ ਦੇਣ ਦੇ ਲਾਰੇ ਲਾਏ, ਪਰੰਤੂ ਬਾਨਣੂ ਬੰਨਦੇ ਰਹੇ ਸਿਖ ਕੌਮ ਨੂੰ ਘਸਿਆਰਾ ਬਣਾਏ ਜਾਣ ਦੇ ਅਤੇ ਗ਼ੁਲਾਮ ਬਣਾਈ ਰਖੱਣ ਦੇ। ਰਾਜਸੀ ਸੱਤਾ ਹਥਿਆਉਣ ਲਈ ਡੈਮੋਕਰੈਸੀ ਦਾ ਬੁਰਕਾ ਪਾਣਾ ਹਿੰਦੂ ਕਾਂਗਰਸ ਦਾ ਸਿਆਸੀ ਪੈਂਤੜਾ ਸੀ। ਫ਼ਾਸ਼ੀ ਤਾਕਤਾਂ ਜਮਹੂਰੀ ਬੁਰਕਾ ਪਾ ਕੇ ਜਮਹੂਰੀ ਢੰਗ ਨਾਲ ਹੀ ਤਾਕਤ ਹਥਿਆਉਂਦੀਆਂ ਹਨ। ਰਾਜ ਸੱਤਾ ਹਥਿਆਉਣ ਮਗਰੋਂ ਸਭ ਕਾਨੂੰਨੀ ਰੁਕਾਵਟਾਂ ਦਾ ਹੂੰਝਾ ਫੇਰ ਦੇਂਦੀਆਂ ਹਨ। ਹਿਟਲਰ ਨੇ ਕੁਰਸੀ ਸੰਭਾਲਣ ਦੇ ਇਕ ਹਫ਼ਤੇ ਹੀ ਵਿਧਾਨ ਵਿੱਚ ਮੌਜੂਦ ਐਮਰਜੈਂਸੀ ਦਾ ਬਟਨ ਦਬਾ ਕੇ ਸਾਰੀ ਰਾਜਸੀ ਸ਼ਕਤੀ ਵਜ਼ਾਰਤ ਨੂੰ ਦੇ ਦਿੱਤੀ ਸੀ। ਵਰਤਮਾਨ ਸਮੇਂ ਦਾ ਫ਼ਾਸ਼ੀਵਾਦ ਵੀਹਵੀਂ ਸਦੀ ਦੇ ਦੂਜੇ ਦਹਾਕੇ ਦੇ ਅਖ਼ੀਰ ਤੇ ਇਟਲੀ ਵਿੱਚ ਪੈਦਾ ਹੋਇਆ ਅਤੇ ਜਰਮਨੀ ਵਿੱਚ ਪ੍ਰਫੁਲਤ ਹੋਇਆ। ਫ਼ਾਸ਼ੀਵਾਦੀ ਹਿਟਲਰ ਨੇ ਤਕਰੀਬਨ 70-80 ਲੱਖ ਯਹੂਦੀਆਂ ਨੂੰ ਖ਼ਤਮ ਕਰਵਾਇਆ ਸੀ। ਬ੍ਰਾਹਮਣਵਾਦ ਦੀਆਂ ਪਿਛਲੇ 53 ਸਾਲਾਂ ਦੀਆਂ ਸਿੱਖ ਮਾਰੂ ਨੀਤੀਆਂ ਤੋਂ ਬਿਲਕੁਲ ਸਪਸ਼ਟ ਹੈ ਕਿ ਇਹ ਹਿਟਲਰ ਨਾਲੋਂ ਵੀ ਜ਼ਿਆਦਾ ਖ਼ਤਰਨਾਕ ਹੈ, ਜ਼ਾਲਮ ਹੈ, ਝੂਠਾ ਹੈ, ਫ਼ਰੇਬੀ ਹੈ ਅਤੇ ਵਿਸਾਹਘਾਤਕ ਹੈ। ਸਿਤਮ ਤਾਂ ਇਸ ਗੱਲ ਦਾ ਹੈ ਕਿ ਜ਼ਾਲਮ ਬ੍ਰਾਹਮਣਵਾਦ ਦੀ ਭਿਅੰਕਰ ਵਿਚਾਰਧਾਰਾ ਦੀ ਅਸਲੀਅਤ ਤੋਂ ਦੁਨੀਆ ਨਾਵਾਕਫ਼ ਹੈ।

ਅੱਜ ਕੋਈ ਵੀ ਸਿਖ ਹਿੰਦੁਸਤਾਨ ਵਿੱਚ ਸੁਰਖਿਅਤ ਨਹੀਂ। ਦੇਸ਼ ਦੇ ਹਰ ਕੋਨੇ ਵਿੱਚ ਸਿੱਖਾਂ ਨੂੰ ਨਫ਼ਰਤ ਦੀ ਨਜ਼ਰ ਨਾਲ ਵੇਖਿਆ ਜਾਂਦਾ ਹੈ, ਸ਼ੱਕ ਦੀ ਨਜ਼ਰ ਨਾਲ ਤੱਕਿਆ ਜਾਂਦਾ ਹੈ ਅਤੇ ਦੇਸ਼ ਦੁਸ਼ਮਣ ਸਮਝਿਆ ਜਾਂਦਾ ਹੈ। ਸਾਰੇ ਭਾਰਤ ਅੰਦਰ ਸਿਖ ਦੀ ਜਾਨ, ਮਾਲ ਤੇ ਧਨ ਸੁਰਖਿਅਤ ਨਹੀਂ। ਬੰਬਈ, ਕਲਕੱਤਾ, ਦਿੱਲੀ ਅਤੇ ਕਾਨ੍ਹਪੁਰ ਆਦਿਕ ਸ਼ਹਿਰਾਂ ਵਿੱਚ ਸਿੱਖਾਂ ਲਈ ਕਾਰੋ-ਬਾਰ ਕਰ ਸਕਣਾ ਔਖਾ ਬਣ ਚੁੱਕਾ ਹੈ। ਸਿਖ ਦੁਕਾਨਾਂ, ਸਿਖ ਟਰਾਂਸਪੋਰਟ ਕੰਪਨੀਆਂ, ਸਿਖ ਵਿਉਪਾਰਕ ਅਦਾਰਿਆਂ ਦਾ ਸ਼ਰੇਆਮ ਬਾਈਕਾਟ ਕੀਤਾ ਜਾ ਰਿਹਾ ਹੈ। ਅੱਜ ਸਿਖ ਦੁਕਾਨਦਾਰ ਹੱਥ 'ਤੇ ਹੱਥ ਰੱਖ ਕੇ ਬੈਠੇ

ਹਨ। ਭਾਰਤੀ ਸ਼ਹਿਰਾਂ ਵਿੱਚ ਅੱਜ ਕੋਈ ਸਿੱਖ ਸੌਖਾ ਨਹੀਂ ਟੁਰ ਸਕਦਾ। ਭਾਵੇਂ ਉਹ ਸਰਕਾਰੀ ਅਫ਼ਸਰ ਹੈ ਤੇ ਭਾਵੇਂ ਡਾਕਟਰ। ਉਹ ਦੁਕਾਨਦਾਰ ਹੈ ਜਾਂ ਟੀਚਰ। ਟੈਕਸੀ ਡਰਾਈਵਰ ਹੈ ਜਾਂ ਟਰੱਕ ਮਾਲਕ। ਪ੍ਰੋਫ਼ੈਸਰ ਹੈ ਜਾਂ ਗਰੰਥੀ। ਉਸ ਨੂੰ ਹਰ ਕੋਈ ਅੱਖਾਂ ਪਾੜ-ਪਾੜ ਕੇ ਵੇਖਦਾ ਹੈ। ਉਸ ਦੀ ਥਾਂ-ਥਾਂ ਪੁਣਛਾਣ ਕੀਤੀ ਜਾਂਦੀ ਹੈ, ਤਲਾਸ਼ੀ ਲਈ ਜਾਂਦੀ ਹੈ ਅਤੇ ਬੇਇੱਜ਼ਤ ਕੀਤਾ ਜਾਂਦਾ ਹੈ, ਜਿਸ ਨਾਲ ਅੱਜ ਹਰ ਸਿੱਖ ਹਿਰਦਾ ਅਸੁਰੱਖਿਅਤ ਹੈ, ਮਾਯੂਸ ਹੈ, ਗੁਸੇ ਨਾਲ ਭਰਿਆ ਪੀਤਾ ਹੈ, ਬੇਵਸ ਹੈ ਅਤੇ ਗੁੱਸੇ ਦੀ ਅੱਗ ਨਾਲ ਧੁਖ ਰਿਹਾ ਹੈ। ਸਾਰੇ ਭਾਰਤ ਵਿੱਚ ਸਿੱਖਾਂ ਨੂੰ ਜ਼ਲੀਲ ਕੀਤਾ ਜਾ ਰਿਹਾ ਹੈ।

ਸਿੱਖਾਂ ਦੀ ਸਰਦਾਰੀ ਮਿੱਟੀ ਵਿੱਚ ਰੋਲੀ ਜਾ ਰਹੀ ਹੈ। ਸਿੱਖ ਅੱਜ ਕੱਖੋਂ ਹੌਲੇ ਹੋ ਚੁੱਕੇ ਹਨ। ਪੱਤਾ-ਪੱਤਾ ਸਿੱਖਾਂ ਦਾ ਵੈਰੀ ਬਣ ਚੁੱਕਾ ਹੈ। ਹਰ ਸਿੱਖ ਦੇ ਦਿਲ ਅੰਦਰੋਂ ਗੁੱਸੇ ਦੇ ਲਾਂਬੂ ਉਠ ਰਹੇ ਹਨ। ਨੌਜਵਾਨਾਂ ਦੇ ਡੌਲੇ ਫਰਕਦੇ ਹਨ, ਨਾੜਾਂ ਵਿੱਚ ਖ਼ੂਨ ਖੌਲਦਾ ਹੈ, ਅੱਖਾਂ ਵਿੱਚੋਂ ਗੁੱਸੇ ਦੀ ਅੱਗ ਦੇ ਸ਼ੋਅਲੇ ਨਿਕਲ ਰਹੇ ਹਨ, ਪਰ ਉਹ ਬੇਵਸ ਹਨ। ਉਹਨਾਂ ਦੇ ਹੱਥਾਂ ਨੂੰ ਗ਼ੁਲਾਮੀ ਦੀਆਂ ਹੱਥਕੜੀਆਂ ਤੇ ਪੈਰਾਂ ਨੂੰ ਬੇੜੀਆਂ ਪਈਆਂ ਹੋਈਆਂ ਹਨ। ਅਜਿਹੇ ਭਿਆਨਕ ਹਾਲਾਤ ਵਿੱਚ ਸਿੱਖਾਂ ਦੇ ਬਚਾਓ ਦਾ ਕੇਵਲ ਇੱਕੋ ਤੇ ਇੱਕੋ ਰਾਹ ਬਾਕੀ ਰਹਿ ਗਿਆ ਹੈ। ਉਹ ਹੈ, ਹਰ ਹਾਲਤ ਵਿੱਚ, ਹਰ ਕੀਮਤ 'ਤੇ, ਹਰ ਹੀਲੇ ਨਾਲ ਆਪਣਾ ਘਰ ਅਜ਼ਾਦ ਕਰਾਉਣ ਦਾ ਅਤੇ ਆਪਣਾ ਦੇਸ਼ ਸਥਾਪਤ ਕਰਨ ਦਾ, ਭਾਵੇਂ ਉਸ ਲਈ ਕਿਤਨੀ ਹੀ ਕੁਰਬਾਨੀ ਕਿਉਂ ਨਾ ਦੇਣੀ ਪੈ ਜਾਏ। ਸਿੱਖਾਂ ਦੇ ਦਿਲਾਂ ਵਿੱਚ ਅਜ਼ਾਦੀ ਦੀਆਂ ਲਾਟਾਂ ਉਠ ਰਹੀਆਂ ਹਨ, ਗੜ੍ਹ-ਗੜ੍ਹ ਕਰਦਾ ਅਜ਼ਾਦੀ ਦਾ ਲਾਵਾ ਗੜ੍ਹਕ ਰਿਹਾ ਹੈ ਅਤੇ ਅਜ਼ਾਦੀ ਦੀ ਜਵਾਲਾ-ਮੁਖੀ ਲਾਟ ਗੜ੍ਹ-ਗੜ੍ਹ ਬਾਹਰ ਆ ਰਹੀ ਹੈ।

ਪਿਛਲੇ ਤਿਰਵੰਜਾ ਸਾਲਾਂ ਤੋਂ ਮਨੂ ਸਰਕਾਰ ਵਲੋਂ ਸਾਨੂੰ ਨਿਰਬਲ, ਘਸਿਆਰਾ, ਨਿਤਾਣਾ, ਸਾਹਸਹੀਣ ਅਤੇ ਹੀਣਿਆਂ ਬਣਾਕੇ ਗ਼ੁਲਾਮ ਬਣਾਈ ਰੱਖਣ ਦੀ ਖੇਡ, ਖੇਡੀ ਜਾ ਰਹੀ ਹੈ। ਸਾਡੇ ਧਰਮ, ਸਾਡੇ ਸਭਿਆਚਾਰ, ਸਾਡੀ ਬੋਲੀ, ਸਾਡੇ ਅਰਥਚਾਰੇ, ਸਾਡੇ ਇਤਿਹਾਸ ਅਤੇ ਸਾਡੇ ਸ਼ਾਨਦਾਰ ਖ਼ਾਲਸਈ ਕਿਰਦਾਰ ਨੂੰ ਖੋਰਨ ਲਈ ਅੱਡੀ ਚੋਟੀ ਦਾ ਜ਼ੋਰ ਲਾਇਆ ਹੋਇਆ ਹੈ। ਪੈਰ-ਪੈਰ 'ਤੇ ਸਰਕਾਰੀ ਸੂਹੇ ਬੈਠੇ ਹਨ; ਐਰਾ-ਗ਼ੈਰਾ ਤੇ ਨਥੂ ਖ਼ੈਰਾ ਅੱਜ ਸਿੱਖਾਂ ਨੂੰ ਅੱਖਾਂ ਵਿਖਾ ਰਿਹਾ ਹੈ; ਅੱਜ ਸਿੱਖਾਂ ਨੂੰ ਆਪਣੇ ਗੁਰਦੁਆਰਿਆਂ ਅੰਦਰ ਜਾਣ ਤੋਂ ਪਹਿਲਾਂ ਬੀੜੀਆਂ ਪੀ ਰਹੇ ਪੂਰਬੀਆਂ ਤੋਂ ਤਲਾਸ਼ੀਆਂ ਕਰਾਣੀਆਂ ਪੈਂਦੀਆਂ ਹਨ; ਹੁੱਕੀਆਂ ਪੀਣ ਵਾਲੇ ਵਿਹਲੜ ਤੇ ਭੁੱਖੜ ਅੱਜ ਸਿੱਖਾਂ 'ਤੇ ਰਾਜ ਪਏ ਕਰਦੇ ਨੇ; ਭੁੱਖੜ ਪੂਰਬੀਏ ਬੱਕਰੇ ਪਏ ਖਾਂਦੇ ਨੇ; ਸ਼ਰਾਬਾਂ ਪਏ ਪੀਂਦੇ ਨੇ; ਅਫ਼ਸਰ ਬਣਕੇ ਮਾਰੂਤੀਆਂ ਵਿੱਚ ਫਿਰਦੇ ਨੇ ਅਤੇ ਸਿੱਖਾਂ ਦੀਆਂ ਖਿਲੀਆਂ ਉਡਾ ਰਹੇ ਨੇ।

ਅਜਿਹੇ ਹਾਲਾਤ ਵਿੱਚ ਗ਼ੁਲਾਮੀ ਦਾ ਜੀਵਨ ਜੀਣ ਨਾਲ ਸਿੱਖੀ ਦੇ ਪਤਨ ਦਾ ਖ਼ਤਰਾ ਸਾਫ਼ ਦਿੱਸ ਰਿਹਾ ਹੈ। ਜੇ ਅਸੀਂ ਹੁਣ ਵੀ ਨਾ ਸੰਭਲੇ, ਤਾਂ ਸਿੱਖੀ ਦੀ ਹੋਂਦ ਮਿਟ

ਜਾਣੀ ਸਾਫ਼ ਨਜ਼ਰ ਆ ਰਹੀ ਹੈ। ਅੱਜ ਸਿਖ ਕੌਮ ਦੇ ਆਗੂਆਂ ਨੂੰ ਹੋਸ਼ ਵਿੱਚ ਆਉਣ ਦੀ ਲੋੜ ਹੈ। ਆਉਣ ਵਾਲੀਆਂ ਸਿਖ ਨਸਲਾਂ ਦੇ ਉਜਲੇ ਭਵਿਖ ਲਈ ਸਾਨੂੰ ਕੁਝ ਸੋਚਣ ਦੀ ਲੋੜ ਹੈ। ਦੁਸ਼ਮਣ ਦੀਆਂ ਵਿਸਾਹਘਾਤਕ ਚਾਲਾਂ ਨੂੰ ਸਮਝ ਕੇ ਉਹਨਾਂ ਨੂੰ ਨਾਕਾਮਯਾਬ ਬਣਾਉਣ ਦੀ ਲੋੜ ਹੈ ਅਤੇ ਆਪਣੀ ਹੋਂਦ ਬਰਕਰਾਰ ਰੱਖਣ ਲਈ ਆਪਣਾ ਘਰ ਅਜ਼ਾਦ ਕਰਾਉਣ ਦੇ ਪ੍ਰਣ ਕਰਨ ਦੀ ਲੋੜ ਹੈ। ਸ਼ੇਰ ਸਿਖ ਕੌਮ ਨੂੰ ਗ਼ੁਲਾਮੀ ਦੇ ਪਿੰਜਰੇ ਵਿੱਚੋਂ ਕੱਢਣ ਦੀਆਂ ਜੁਗਤੀਆਂ ਸੋਚਣ ਦੀ ਲੋੜ ਹੈ ਸ਼ੇਰ ਸਿਖ ਕੌਮ ਨੂੰ 'ਸਰਕਸ ਦਾ ਸ਼ੇਰ' ਬਣਾਈ ਰੱਖਣ ਵਾਲੇ ਗ਼ਦਾਰ ਆਗੂਆਂ ਦੇ ਨਿਪੁੰਸਕ ਰੋਲ ਦੀ ਚੀਰ-ਫਾੜ ਕਰਕੇ ਉਹਨਾਂ ਕੌਮ-ਘਾਤਕਾਂ ਤੋਂ ਛੁਟਕਾਰਾ ਪਾਉਣ ਦੀ ਲੋੜ ਹੈ। ਅਜ਼ਾਦ ਹੋਕੇ ਸ਼ੇਰਾਂ ਵਾਂਗ ਵਿਚਰਨ ਦੀ ਲੋੜ ਹੈ ਅਤੇ ਬ੍ਰਾਹਮਣਵਾਦੀ ਸ਼ਿਕਾਰੀਆਂ ਨੂੰ ਆਪਣੇ ਘਰੋਂ ਬਾਹਰ ਕੱਢਕੇ ਆਪਣਾ ਮਜ਼ਬੂਤ ਘਰ ਸਥਾਪਤ ਕਰਨ ਦੀ ਲੋੜ ਹੈ।

ਕਿਸੇ ਵੀ ਹਾਕਮ ਜਮਾਤ ਜਾਂ ਉਸ ਦੇਸ਼ ਦੀ ਰਾਜਨੀਤੀ ਦਾ ਉਥੋਂ ਦੇ ਲੋਕਾਂ ਦੇ ਧਾਰਮਿਕ, ਸਭਿਆਚਾਰਕ ਅਤੇ ਸਦਾਚਾਰਕ ਜੀਵਨ ਦੇ ਬਣਾਉਣ ਜਾਂ ਵਿਗਾੜਨ ਵਿੱਚ ਬਹੁਤ ਵੱਡਾ ਹੱਥ ਹੋਇਆ ਕਰਦਾ ਹੈ। ਸ਼ਖ਼ਸੀ ਅਤੇ ਸਮਾਜਕ ਜੀਵਨ ਉਤੇ ਰਾਜ ਪ੍ਰਬੰਧ ਦਾ ਅਸਰ ਧਰਮ ਨਾਲੋਂ ਵੀ ਜ਼ਿਆਦਾ ਪੈਂਦਾ ਹੈ। ਰਾਜ ਪ੍ਰਬੰਧ ਪਿਛੇ ਫ਼ੌਜ ਤੇ ਪੁਲਸ ਦੀ ਅਸੀਮਤ ਸ਼ਕਤੀ ਹੁੰਦੀ ਹੈ, ਜਿਸ ਸਾਹਮਣੇ ਕੋਈ ਚੂੰ ਨਹੀਂ ਕਰ ਸਕਦਾ। ਜੋ ਵੀ ਹਿਲਜੁਲ ਕਰਦਾ ਹੈ, ਉਸ ਨੂੰ ਕੁਚਲ ਦਿੱਤਾ ਜਾਂਦਾ ਹੈ। ਜਿਵੇਂ ਹਾਕਮ ਚਾਹੁੰਦੇ ਹਨ, ਜਨਤਾ ਨੂੰ ਉਵੇਂ ਹੀ ਚੱਲਣਾ ਪੈਂਦਾ ਹੈ। ਇਸੇ ਕਰਕੇ ਹੀ 'ਯਥਾ ਰਾਜਾ ਤਥਾ ਪਰਜਾ' ਦਾ ਅਖਾਣ ਪ੍ਰਸਿਧ ਹੋਇਆ। ਹਕੂਮਤ ਕੋਲ ਪੁਲਸ ਹੁੰਦੀ ਹੈ, ਕਾਨੂੰਨ ਪ੍ਰਣਾਲੀ ਹੁੰਦੀ ਹੈ, ਹਥਿਆਰ ਹੁੰਦੇ ਹਨ, ਜੇਲ੍ਹਾਂ ਹੁੰਦੀਆਂ ਹਨ, ਲੋਕਾਂ ਨੂੰ ਗੁੰਮਰਾਹ ਕਰਨ ਦੇ ਟੀਵੀ, ਰੇਡੀਓ, ਅਖ਼ਬਾਰਾਂ, ਆਦਿਕ ਸਾਧਨ ਹੁੰਦੇ ਹਨ, ਜਿਨ੍ਹਾਂ ਦਾ ਪ੍ਰਭਾਵ ਲੋਕਾਂ ਦੇ ਜੀਵਨ ਉਤੇ ਪੈਣਾ ਕੁਦਰਤੀ ਹੈ। ਜਿਹੜੀ ਕੌਮ ਘੱਟ ਗਿਣਤੀ ਵਿੱਚ ਹੋਵੇ, ਰਾਜ ਸੱਤਾ ਵੀ ਜਿਸ ਦੇ ਹੱਥ ਵਿੱਚ ਨਾ ਹੋਵੇ, ਜਿਸ ਦਾ ਧਰਮ, ਸਭਿਆਚਾਰ ਤੇ ਬੋਲੀ ਹਾਕਮ ਜਮਾਤ ਨਾਲੋਂ ਵੱਖਰੇ ਹੋਣ, ਤਾਂ ਉਥੇ ਉਸ ਘਟਗਿਣਤੀ ਦਾ ਧਰਮ, ਉਸ ਦਾ ਸਭਿਆਚਾਰ, ਉਸ ਦੀ ਬੋਲੀ ਅਤੇ ਉਸ ਦੀ ਹੋਂਦ ਕਾਇਮ ਰਹਿ ਸਕਣੇ ਅਸੰਭਵ ਬਣ ਜਾਂਦੇ ਹਨ।

ਕਿਸੇ ਕੌਮ ਦੀ ਆਪਸੀ ਸਾਂਝ ਉਸ ਦੀ ਬੋਲੀ ਹੁੰਦੀ ਹੈ ਅਤੇ ਉਸ ਕੌਮ ਦਾ ਸਭਿਆਚਾਰ ਉਸ ਕੌਮ ਦੀ ਸ਼ਕਤੀ ਦਾ ਚਿੰਨ੍ਹ ਹੁੰਦਾ ਹੈ। ਜੇ ਕਿਸੇ ਕੌਮ ਦੀ ਬੋਲੀ ਤੇ ਸਭਿਆਚਾਰ ਨੂੰ ਖੋਰ ਦਿੱਤਾ ਜਾਏ, ਤਾਂ ਉਹ ਕੌਮ ਤਪਦਿਕ ਦੇ ਮਰੀਜ਼ ਵਾਂਗ ਹੌਲੀ-ਹੌਲੀ ਆਪਣੇ ਆਪ ਮਰ ਜਾਂਦੀ ਹੈ। ਘਟਗਿਣਤੀ ਹਮੇਸ਼ਾ ਬਹੁਗਿਣਤੀ ਦੀ ਨਕਲ ਕਰਦੀ ਹੈ। ਛੋਟੀ ਤੇ ਥੋੜੀ ਚੀਜ਼ ਨੂੰ ਵੱਡੀ ਚੀਜ਼ ਜ਼ਿਆਦਾ ਪ੍ਰਭਾਵਤ ਕਰਦੀ ਹੈ। ਜਦ ਤਕ ਕੋਈ ਕੌਮ ਕਿਸੇ ਬਹੁਗਿਣਤੀ ਦੀ ਗ਼ੁਲਾਮ ਬਣਕੇ ਰਹਿੰਦੀ ਹੈ ਜਾਂ ਕਿਸੇ

ਬਹੁਗਿਣਤੀ ਦੇ ਸਰਬ-ਪੱਖੀ ਪ੍ਰਭਾਵ ਥੱਲੇ ਉਸ ਦੀ ਦੁਬੇਲ ਬਣਕੇ ਜੀਉਂਦੀ ਹੈ, ਵਧਣ-ਫੁੱਲਣ ਦੀ ਥਾਂ ਉਹਦੀ ਕੌਮੀ ਹਸਤੀ ਖੁਰਦੀ ਰਹਿੰਦੀ ਹੈ, ਕਮਜ਼ੋਰ ਹੁੰਦੀ ਰਹਿੰਦੀ ਹੈ, ਹੌਲੀ-ਹੌਲੀ ਬਹੁਗਿਣਤੀ ਹਾਕਮ ਜਮਾਤ ਵਿੱਚ ਜਜ਼ਬ ਹੋਕੇ ਅਲੋਪ ਹੋ ਜਾਂਦੀ ਹੈ ਅਤੇ ਬੀਤੇ ਸਮੇਂ ਦੀ ਕਹਾਣੀ ਬਣਕੇ ਰਹਿ ਜਾਂਦੀ ਹੈ। ਆਪਣੀਆਂ ਗ਼ਲਤ ਗਤੀ-ਵਿਧੀਆਂ, ਕਮਜ਼ੋਰੀਆਂ ਅਤੇ ਅਣਗਹਿਲੀਆਂ ਕਾਰਨ ਬ੍ਰਾਹਮਣਵਾਦ ਹੱਥੋਂ ਮਲੀਆਮੇਟ ਹੋ ਜਾਣ ਵਾਲੇ ਬੁੱਧ ਮਤ ਦੀ ਮਿਸਾਲ ਸਾਡੇ ਸਾਹਮਣੇ ਹੈ।

ਮਨੁੱਖ ਗ਼ੁਲਾਮ ਉਦੋਂ ਹੁੰਦਾ ਹੈ, ਜਦ ਉਹ ਆਪਣੇ ਕੌਮੀ ਵਿਰਸੇ ਦੀ ਗੌਰਵਤਾ ਦਾ ਅਹਿਸਾਸ ਖੋਹ ਬੈਠਦਾ ਹੈ। ਕੌਮੀ ਅਹਿਸਾਸ ਤਦ ਹੀ ਖ਼ਤਮ ਹੁੰਦਾ ਹੈ, ਜਦ ਮਨੁੱਖ ਆਪਣੇ ਮੂਲ ਨਾਲੋਂ ਟੁੱਟ ਜਾਂਦਾ ਹੈ ਅਤੇ ਆਪਣੇ ਇਤਿਹਾਸਕ ਵਿਰਸੇ ਨੂੰ ਪਿੱਠ ਦੇ ਬੈਠਦਾ ਹੈ। ਅਜਿਹੇ ਮਨੁੱਖਾਂ ਵਾਲੀਆਂ ਕੌਮਾਂ ਆਪਣਾ ਸਵੈਮਾਣ ਤਿਆਗ ਬੈਠਦੀਆਂ ਹਨ, ਜਿਸ ਨਾਲ ਉਹਨਾਂ ਦਾ ਸਵੈਬਲ ਆਪਣੇ ਆਪ ਖ਼ਤਮ ਹੋ ਜਾਂਦਾ ਹੈ ਅਤੇ ਉਹ ਸਦਾ ਲਈ ਗ਼ੁਲਾਮ ਬਣੀਆਂ ਰਹਿੰਦੀਆਂ ਹਨ। ਉਹਨਾਂ ਦੀ ਸੰਤਾਨ ਪੁਸ਼ਤਾਂ ਤਕ ਹਾਕਮ ਜਮਾਤ ਦਾ ਪਾਣੀ ਭਰਦੀ ਰਹਿੰਦੀ ਹੈ। ਉਸ ਕੌਮ ਦੇ ਬਸ਼ਿੰਦੇ ਹਾਕਮ ਜਮਾਤ ਦੇ ਭਾਰ ਢੋਂਦੇ ਰਹਿੰਦੇ ਹਨ, ਚਾਕਰੀ ਕਰਦੇ ਰਹਿੰਦੇ ਹਨ, ਖੇਤਾਂ ਦੇ ਮਜ਼ਦੂਰ ਬਣੇ ਰਹਿੰਦੇ ਹਨ, ਖਾਣ-ਪੁੱਟ ਕਾਮੇ ਬਣੇ ਰਹਿੰਦੇ ਹਨ, ਹੋਟਲਾਂ ਦੇ ਬਹਿਰੇ ਬਣੇ ਰਹਿੰਦੇ ਹਨ, ਕਾਰ-ਟਰੱਕਾਂ ਦੇ ਡਰਾਈਵਰ ਅਤੇ ਚੌਕੀਦਾਰ ਬਣਨ ਵਿੱਚ ਫ਼ਖ਼ਰ ਸਮਝਣ ਲੱਗ ਪੈਂਦੇ ਹਨ ਅਤੇ ਉਹਨਾਂ ਨੂੰ ਹਾਕਮ ਜਮਾਤ ਦੀ ਮਰਜ਼ੀ ਤੇ ਖ਼ੁਸ਼ੀ ਅਨੁਸਾਰ ਜੀਣਾ ਪੈਂਦਾ ਹੈ।

ਪਾਰਲੀਮੈਂਟ ਵਿੱਚ ਹਿੰਦੂਆਂ ਦੀ ਹਮੇਸ਼ਾ ਅਕਸਰੀਅਤ ਰਹਿਣੀ ਹੈ। ਵਜ਼ਾਰਤ ਭਾਵੇਂ ਰਾਮ ਲਾਲ ਦੀ ਹੋਵੇ ਤੇ ਭਾਵੇਂ ਸ਼ਾਮ ਲਾਲ ਦੀ, ਰਾਜ ਹਰ ਹਾਲਤ ਵਿੱਚ ਹਿੰਦੂ ਬਹੁਗਿਣਤੀ ਦਾ ਹੀ ਰਹਿਣਾ ਹੈ ਅਤੇ ਸਿੱਖਾਂ ਨੂੰ ਹਮੇਸ਼ਾ ਹਿੰਦੂ ਬਹੁਗਿਣਤੀ ਦਾ ਗ਼ੁਲਾਮ ਬਣਕੇ ਰਹਿਣਾ ਪਏਗਾ। ਸਿੱਖਾਂ ਨੂੰ ਅੱਜ ਇਹ ਗੱਲ ਗੰਭੀਰਤਾ ਨਾਲ ਸੋਚਣੀ ਚਾਹੀਦੀ ਹੈ ਕਿ ਕੀ ਉਹ ਸਦੀਵੀ ਦਾਸ ਬਣੀ ਰਹਿਣਾ ਚਾਹੁੰਦੇ ਹਨ? ਪ੍ਰਾਧੀਨ ਹੋਕੇ ਜੀਣਾ ਮਨਜ਼ੂਰ ਹੈ?

ਰਾਜ ਤਾਂ ਹਮੇਸ਼ਾ ਹਿੰਦੂ ਬਹੁਗਿਣਤੀ ਦਾ ਹੀ ਰਹਿਣਾ ਹੈ। ਸਿਖ ਨਸਲਕੁਸ਼ੀ ਦੇ ਮਸਲੇ 'ਤੇ ਇਹ ਸਾਰੀਆਂ ਹਿੰਦੂ ਸਿਆਸੀ ਪਾਰਟੀਆਂ ਸੌ ਫ਼ੀਸਦੀ ਇੱਕ ਹਨ। ਸਿਖ ਸ਼ਕਤੀ ਨੂੰ ਤਬਾਹ ਕਰਨ ਦੇ ਮਸਲੇ 'ਤੇ ਇਹਨਾਂ ਵਿੱਚ ਕੋਈ ਮੱਤਭੇਦ ਨਹੀਂ। ਹਿੰਦੂ ਥਿੰਕ ਟੈਂਕ ਦੀ ਸਿੱਖ-ਮਾਰੂ ਨੀਤੀ ਨਾਲ ਸਾਰੀਆਂ ਪਾਰਟੀਆਂ ਸਹਿਮਤ ਹਨ। ਅੱਜ ਤਕ ਕਿਸੇ ਵੀ ਪਾਰਟੀ ਨੇ ਸਿੱਖਾਂ ਉਤੇ ਹੋਏ ਕਹਿਰਾਂ ਦੇ ਜ਼ੁਲਮਾਂ ਸਬੰਧੀ ਹਾਅ ਦਾ ਨਾਅਰਾ ਨਹੀਂ ਮਾਰਿਆ। ਅੱਜ ਤਕ ਇਹਨਾਂ ਦੀ ਕਿਸੇ ਪਾਰਟੀ ਦੇ ਲੀਡਰ ਨੇ ਉਹਨਾਂ ਵਹਿਸ਼ੀਆਨਾ ਜ਼ੁਲਮਾਂ ਦੀ ਨਿਖੇਧੀ ਤਕ ਨਹੀਂ ਕੀਤੀ। ਇਹਨਾਂ ਸਭ ਹਿੰਦੂ ਪਾਰਟੀਆਂ ਦੀ ਸੰਮਤੀ ਤੇ

ਹਿਮਾਇਤ ਨਾਲ ਹੀ ਪੰਜਾਬ ਲਈ ਕਈ ਵਾਰ ਕਾਲੇ ਕਾਨੂੰਨ ਪਾਸ ਕੀਤੇ ਗਏ, ਜਿਸ ਮੁਤਾਬਕ ਕਿਸੇ ਵੀ ਸਿੱਖ ਨੂੰ ਪੁਲਸ ਜਾਂ ਫ਼ੌਜ ਮੌਕੇ 'ਤੇ ਗੋਲੀ ਮਾਰ ਸਕਦੀ ਹੈ, ਤਲਾਸ਼ੀ ਲੈ ਸਕਦੀ ਹੈ, ਜੇਲ੍ਹ ਵਿੱਚ ਸੁੱਟ ਸਕਦੀ ਹੈ, ਲਾ-ਪਤਾ ਕਰ ਸਕਦੀ ਹੈ, ਉਸ ਪੁਲਸ ਜਾਂ ਫ਼ੌਜ ਦੀ ਉਸ ਕਾਰਵਾਈ ਦੀ ਕੋਈ ਪੁੱਛ-ਪੜਤਾਲ ਨਹੀਂ ਕਰ ਸਕਦਾ। ਉਂਜ ਤਾਂ ਸਿੱਖਾਂ ਨੂੰ ਵਿਧਾਨ ਵਿੱਚ ਹਿੰਦੂ ਲਿਖਿਆ ਹੋਇਆ ਹੈ, ਪਰੰਤੂ ਸਿੱਖ ਨਸਲਕੁਸ਼ੀ ਕਰਨ ਲਈ ਪੰਜਾਬ ਦੇ ਸਿੱਖਾਂ ਲਈ ਵੱਖਰੇ ਕਾਲੇ ਕਾਨੂੰਨ ਪਾਸ ਕੀਤੇ ਜਾਂਦੇ ਹਨ।

ਪਿਛਲੇ ਸੋਲ੍ਹਾਂ ਸਾਲਾਂ ਤੋਂ ਸਿੱਖਾਂ ਨੇ ਚੰਗੀ ਤਰ੍ਹਾਂ ਵੇਖ ਲਿਆ ਹੈ। ਸਰਕਾਰਾਂ ਆਉਂਦੀਆਂ ਰਹੀਆਂ, ਜਾਂਦੀਆਂ ਰਹੀਆਂ, ਨਵੀਆਂ ਬਣਦੀਆਂ ਰਹੀਆਂ, ਇਨਕੁਆਇਰੀਆਂ ਦੇ ਢੌਂਗ ਵੀ ਰਚੇ ਜਾਂਦੇ ਰਹੇ, ਲੋਕਾਂ ਦੀਆਂ ਅੱਖਾਂ ਵਿੱਚ ਮਿੱਟੀ-ਘੱਟਾ ਪਾਉਣ ਲਈ ਕਮਿਸ਼ਨ ਕਾਇਮ ਕਰਨ ਦਾ ਸਾਂਗ ਵੀ ਕੀਤਾ ਗਿਆ, ਪਰ ਦੋਸ਼ੀਆਂ ਨੂੰ ਸਜ਼ਾਵਾਂ ਅੱਜ ਤਕ ਨਹੀਂ ਮਿਲੀਆਂ। ਜਦ ਸਭ ਕੁਝ ਸਰਕਾਰ ਵਲੋਂ ਹੀ ਵਿਉਂਤਿਆ ਗਿਆ ਸੀ ਅਤੇ ਕਰਵਾਇਆ ਗਿਆ ਸੀ, ਤਾਂ ਸਰਕਾਰ ਆਪਣੇ ਕਾਲੇ ਕਾਰਿਆਂ ਦੀ ਇਨਕੁਆਇਰੀ ਕਿਵੇਂ ਕਰਵਾਏ? ਸਜ਼ਾਵਾਂ ਦੇਣ ਨਾਲ ਸਰਕਾਰ ਦੇ ਆਪਣੇ ਕਾਲੇ ਕਾਰੇ ਨੰਗੇ ਹੁੰਦੇ ਹਨ। ਜਿਹੜੀ ਸਭ ਦੋਂ ਵੱਡੀ ਹੈਰਾਨਗੀ ਹੁੰਦੀ ਹੈ, ਉਹ ਇਹ ਕਿ ਇਤਨਾ ਕੁਝ ਵੇਖਣ ਮਗਰੋਂ ਵੀ ਜਿਹੜੇ ਸਿੱਖ ਲੀਡਰ, ਸਿੱਖਾਂ ਦੀ ਇਸ ਕਾਤਲ ਸਰਕਾਰ ਤੋਂ ਇਨਸਾਫ਼ ਦੀ ਆਸ ਰੱਖਦੇ ਹਨ ਅਤੇ ਉਸੇ ਮਨੂਵਾਦੀ ਵਿਧਾਨ ਵਿੱਚ ਰਹਿਕੇ ਕੌਮ ਦੇ ਭਵਿਖ ਦਾ ਫ਼ੈਸਲਾ ਕਰਨ ਲਈ ਸੋਚਦੇ ਹਨ, ਤਾਂ ਰੱਬ ਹੀ ਰਾਖਾ ਉਹਨਾਂ ਬੇਗ਼ੈਰਤ ਤੇ ਬੇਜ਼ਮੀਰੇ ਗਏ ਗੁਜ਼ਰੇ ਸਿੱਖਾਂ ਦੀ ਸੋਚ ਦਾ।

ਜਿਸ ਭਾਰਤ ਦੇ ਵਿਧਾਨ ਵਿੱਚ ਸਿੱਖ ਹੋਣਾ ਪਾਪ ਹੈ ਅਤੇ ਜਿਸ ਵਿਧਾਨ ਵਿੱਚ ਅੰਮ੍ਰਿਤਧਾਰੀ ਹੋਣਾ ਜੁਰਮ ਹੈ, ਉਥੇ ਸਿੱਖ ਕਿਵੇਂ ਚੈਨ ਨਾਲ ਰਹਿ ਸਕਦੇ ਹਨ? ਕਿਹੜਾ ਵਿਧਾਨ ਤੇ ਕਿਹੜਾ ਕਾਨੂੰਨ? ਸਿੱਖਾਂ ਲਈ ਨਾ ਕੋਈ ਵਿਧਾਨ ਹੈ ਅਤੇ ਨਾ ਹੀਂ ਕੋਈ ਕਾਨੂੰਨ। ਸਿੱਖਾਂ ਲਈ ਤਾਂ ਪੁਲਸ ਤੇ ਸੀ.ਆਰ.ਪੀ. ਦੀਆਂ ਬੰਦੂਕਾਂ ਦੀਆਂ ਨੋਕਾਂ ਹੀ ਵਿਧਾਨ ਹਨ ਅਤੇ ਬੰਦੂਕਾਂ ਹੀ ਕਾਨੂੰਨ। ਉਸ ਵਿਧਾਨ ਨੂੰ ਸਿੱਖ ਕਿਵੇਂ ਮੰਨ ਸਕਦੇ ਹਨ, ਜਿਸ ਨੇ ਸਾਡੇ ਧਰਮ ਤੇ ਸਾਡੀ ਕੌਮੀ ਪਛਾਣ ਨੂੰ ਰਾਸ਼ਟਰ-ਵਿਰੋਧੀ ਬਣਾ ਕੇ ਰੱਖ ਦਿੱਤਾ ਹੈ? ਉਸ ਵਿਧਾਨ ਨੂੰ ਸਿੱਖ ਕਿਵੇਂ ਮੰਨ ਸਕਦੇ ਹਨ, ਜਿਹੜਾ ਰਾਸ਼ਟਰਵਾਦ ਦੇ ਪਲੀਤ ਬੁਰਕੇ ਥੱਲੇ ਸਿੱਖਾਂ ਨੂੰ ਹਿੰਦੂ ਬਣਾਉਣ ਵਿੱਚ ਭਾਈਵਾਲ ਹੋਵੇ? ਉਹ ਸਾਡਾ ਦੇਸ਼ ਨਹੀਂ ਹੈ ਅਤੇ ਨਾਹੀਂ ਉਹ ਸਾਡਾ ਵਿਧਾਨ ਹੈ, ਜਿਥੇ ਸਾਡੀ ਗੁਰਬਾਣੀ ਪੜ੍ਹਨ 'ਤੇ ਪਾਬੰਦੀਆਂ ਹੋਣ, 'ਰਾਜ ਕਰੇਗਾ ਖ਼ਾਲਸਾ' ਪੜ੍ਹਨ 'ਤੇ ਪਾਬੰਦੀਆਂ ਹੋਣ, ਸਾਡੇ ਜਲੂਸਾਂ 'ਤੇ ਪਾਬੰਦੀਆਂ ਹੋਣ, ਸਾਡੇ ਧਾਰਮਿਕ ਚਿੰਨ੍ਹ ਕਿਰਪਾਨ 'ਤੇ ਪਾਬੰਦੀਆਂ ਹੋਣ ਅਤੇ ਸਾਡੀਆਂ ਕੇਸਰੀ, ਨੀਲੀਆਂ ਅਤੇ ਕਾਲੀਆਂ ਦਸਤਾਰਾਂ 'ਤੇ ਪਾਬੰਦੀਆਂ ਹੋਣ।

ਸਿਖ ਉਸ ਵਿਧਾਨ ਨੂੰ ਕਿਵੇਂ ਮੰਨ ਸਕਦੇ ਹਨ? ਜਿਸ ਦੀ ਕਾਣੀ ਮਨੂਵਾਦੀ ਅੱਖ ਸਾਹਮਣੇ ਸਾਡੇ ਬੁਨਿਆਦੀ ਸ਼ਹਿਰੀ ਹੱਕ ਖੋਹੇ ਜਾਣ; ਸਾਡੇ ਆਪਣੇ ਘਰ ਵਿੱਚ ਬੰਦੂਕ ਦੀ ਨੋਕ ਨਾਲ ਸਾਡੀਆਂ ਤਲਾਸ਼ੀਆਂ ਲਈਆਂ ਜਾਂਦੀਆਂ ਹੋਣ; ਸ਼ਹਿਰਾਂ, ਪਿੰਡਾਂ ਤੇ ਖੇਤਾਂ ਵਿੱਚ ਕੰਮ ਤੇ ਆਉਂਦਿਆਂ ਜਾਂਦਿਆਂ ਸਾਡੀਆਂ ਤਲਾਸ਼ੀਆਂ ਲਈਆਂ ਜਾਂਦੀਆਂ ਹੋਣ; ਜਰਨੈਲੀ ਸੜਕਾਂ 'ਤੇ, ਹਵਾਈ ਅੱਡਿਆਂ 'ਤੇ, ਬੱਸ ਅੱਡਿਆਂ 'ਤੇ, ਸਾਡੀਆਂ ਤਲਾਸ਼ੀਆਂ ਲੈਕੇ ਸਾਨੂੰ ਬੇਪਤ ਕੀਤਾ ਜਾਂਦਾ ਹੋਵੇ; ਸਾਨੂੰ ਸਾਡੇ ਸਕੂਟਰਾਂ, ਬੱਸਾਂ ਤੇ ਕਾਰਾਂ ਤੋਂ ਥੱਲੇ ਲਾਹਕੇ ਸਾਡੀਆਂ ਤਲਾਸ਼ੀਆਂ ਲੈਕੇ ਜ਼ਲੀਲ ਕੀਤਾ ਜਾਂਦਾ ਹੋਵੇ; ਭਾਵੇ ਕੋਈ ਵਕੀਲ ਹੈ ਜਾਂ ਜੱਜ; ਟੀਚਰ ਹੈ ਜਾਂ ਸਰਕਾਰੀ ਅਫ਼ਸਰ; ਜੇ ਉਸ ਦੀ ਦਾੜ੍ਹੀ ਤੇ ਪਗੜੀ ਹੈ, ਤਾਂ ਉਹ ਸੀ.ਆਰ.ਪੀ. ਜਾਂ ਪੁਲਸ ਤੋਂ ਅਪਮਾਨ ਕਰਾਏ ਬਿਨਾਂ ਬਚ ਨਹੀਂ ਸਕਦਾ। ਇਹ ਨਾ ਕੇਵਲ ਪੰਜਾਬ ਵਿੱਚ ਹੀ ਹੁੰਦਾ ਹੈ, ਸਗੋਂ ਪੰਜਾਬ ਤੋਂ ਬਾਹਰ ਦੇ ਪਰਾਂਤਾਂ ਵਿੱਚ ਵੀ। ਅੱਜ ਹਰ ਪਾਸੇ ਹਰ ਸਿਖ ਨੂੰ ਨਫ਼ਰਤ ਦੀਆਂ ਨਜ਼ਰਾਂ ਨਾਲ ਵੇਖਿਆ ਜਾਂਦਾ ਹੈ। ਅੱਠ ਸਾਲ ਦੇ ਬੱਚੇ ਵੀ ਅੱਤਵਾਦੀ ਅਤੇ ਅੱਸੀ ਸਾਲ ਦੇ ਬਜ਼ੁਰਗ ਵੀ ਅੱਤਵਾਦੀ। ਝੂਠੇ ਮੁਕਾਬਲੇ ਬਣਾਕੇ ਜਿੱਥੇ ਸਾਡਾ ਕਤਲੇਆਮ ਕੀਤਾ ਜਾਂਦਾ ਹੋਵੇ, ਜਿੱਥੇ ਬਿਨਾਂ ਮੁਕੱਦਮੇ ਚਲਾਏ ਜੇਲ੍ਹਾਂ ਵਿੱਚ ਸੁਟਕੇ ਸਾਨੂੰ ਤਸੀਹੇ ਦਿੱਤੇ ਜਾਂਦੇ ਹੋਣ, ਉਥੇ ਸਿਖ ਕਿਵੇਂ ਜ਼ਿੰਦਾ ਰਹਿ ਸਕਦੇ ਹਨ? ਇਸ ਲਈ ਸਿਖਾਂ ਸਾਹਮਣੇ ਹੋਰ ਕੋਈ ਰਾਹ ਬਾਕੀ ਰਹਿ ਹੀ ਨਹੀਂ ਗਿਆ ਸਿਵਾਏ ਇਸ ਦੇ ਕਿ ਜੱਦੋਜਹਿਦ ਕਰਕੇ ਆਪਣਾ ਘਰ ਅਜ਼ਾਦ ਕਰਾਉਣ।

ਅਜੋਕਾ ਅਜ਼ਾਦੀ ਦਾ ਸੰਘਰਸ਼ ਸਾਡੀ ਨਿਰਾਲੀ ਹੋਂਦ (War of identity) ਬਹਾਲ ਕੀਤੇ ਜਾਣ ਦੀ ਜੰਗ ਹੈ। ਅਸੀਂ ਹੁਣ ਤਕ ਹਰ ਕੁਰਬਾਨੀ ਦੇਕੇ ਇਸ ਨੂੰ ਬਹਾਲ ਰੱਖਿਆ ਹੈ ਅਤੇ ਅੱਗੇ ਤੋਂ ਵੀ ਇਸ ਨੂੰ ਅਸੀਂ ਹਰ ਕੀਮਤ 'ਤੇ ਬਹਾਲ ਰੱਖਣਾ ਹੈ। ਸਿਖ ਕੌਮ ਹਮੇਸ਼ਾ ਅਜ਼ਾਦੀ ਲਈ ਲੜਦੀ-ਮਰਦੀ ਹੀ ਵਧੀ ਤੇ ਉਸਰੀ ਹੈ। ਸਿਖ ਕੌਮ ਇੱਕ ਕਮਾਲ ਦੇ ਖ਼ਾਸੇ ਦੀ ਮਾਲਕ ਹੈ। ਉਹ ਇਹ ਕਿ ਹੱਡ-ਗੋਡੇ ਤੁੜਵਾ ਕੇ, ਧੌਣ ਭੰਨਵਾ ਕੇ ਵੀ ਇਹ ਮੁੜ ਉਠ ਖਲੋਂਦੀ ਹੈ ਅਤੇ ਨਵੇਂ ਮੋਰਚੇ ਲਈ ਲੱਕ ਬੰਨ੍ਹ ਲੈਂਦੀ ਹੈ। ਜ਼ੁਲਮ ਤੇ ਬੇਇਨਸਾਫ਼ੀ ਦੇ ਪਹਾੜ ਥੱਲੇ ਦਰੜੀਕੇ ਵੀ ਸਿਖ ਗ਼ੁਲਾਮੀ ਪ੍ਰਵਾਨ ਨਹੀਂ ਕਰਦੇ। ਸਿਖ ਕਮਜ਼ੋਰ ਤੇ ਕਾਇਰ ਬਣਕੇ ਗ਼ੁਲਾਮੀ ਦਾ ਜੀਵਨ ਜੀਣ ਨਾਲੋਂ ਅਣਖ ਨਾਲ ਮਰ ਜਾਣਾ ਸੌ ਦਰਜੇ ਚੰਗਾ ਸਮਝਦਾ ਹੈ। ਬ੍ਰਾਹਮਣਵਾਦ ਨੇ ਜਿਹੜਾ ਰਾਹ ਚੁਣਿਆ ਹੈ, ਉਹ ਇਸ ਦੇ ਹੀ ਵਿਨਾਸ਼ ਦਾ ਕਾਰਨ ਬਣਨਾ ਹੈ। ਇਸ ਨੇ ਵੀ ਦਰਬਾਰ ਸਾਹਿਬ ਅੰਦਰ ਜਗਦੀ ਅਜ਼ਲੀ ਜੋਤਿ ਨੂੰ ਬੁਝਾ ਦੇਣ ਦਾ ਰਾਹ ਚੁਣਿਆ ਹੈ। ਹਿੰਦੂ ਪਹਾੜੀ ਰਾਜਿਆਂ ਨੇ ਵੀ ਕਦੀ ਇਹੋ ਲਲਕਾਰ ਪਾਈ ਸੀ ਅਤੇ ਉਹਨਾਂ ਨੂੰ ਵੀ ਰਣਜੀਤ ਨਗਾਰੇ ਦੀ ਇਹ ਸੱਚ ਦੀ ਅਵਾਜ਼ ਨਹੀਂ ਸੀ ਸੁਖਾਈ। ਅਜੋਕਾ ਬ੍ਰਾਹਮਣਵਾਦ ਉਸੇ ਵੰਗਾਰ ਨੂੰ ਲਲਕਾਰ ਰਿਹਾ ਹੈ। ਖ਼ਾਲਸੇ ਨੇ ਇਸਦਾ ਮੂੰਹ ਵੀ ਉਸੇ ਤਰ੍ਹਾਂ ਭੰਨਣਾ ਹੈ, ਜਿਵੇਂ ਪਹਾੜੀ ਰਾਜਿਆਂ ਦਾ ਕਦੀ ਭੰਨਿਆ ਸੀ। ਭਾਰਤੀ ਹਾਕਮਾਂ ਦੇ ਕੀਤੇ ਵਿਸ਼ਵਾਸਘਾਤ, ਸਿਖਾਂ ਨੂੰ ਘਸਿਆਰਾ ਬਣਾਕੇ ਗ਼ੁਲਾਮ ਬਣਾਈ ਰੱਖਣ ਦੇ ਮਨਸੂਬਿਆਂ ਅਤੇ

ਸਿੱਖਾਂ ਨੂੰ ਹਿੰਦੂ ਬਣਾਉਣ ਦੀਆਂ ਸਜ਼ਿਸ਼ਾਂ ਸਾਹਮਣੇ ਸਿੱਖ ਹੋਰ ਕਰ ਵੀ ਕੀ ਸਕਦੇ ਹਨ ਸਿਵਾਏ ਇਸ ਦੇ ਕਿ ਆਪਣੀ ਅਜ਼ਾਦੀ ਲਈ ਲੜ ਮਰਨ।

ਸਿੱਖ ਨਸਲ ਨੂੰ ਤਬਾਹ ਕਰ ਦੇਣ ਦੇ ਮਨਸੂਬਿਆਂ ਅਧੀਨ, ਸਿੱਖ ਦੋਖੀ ਹਾਕਮ ਜਮਾਤ ਵਲੋਂ ਪੰਜਾਬ ਵਿੱਚ ਅਫ਼ੀਮ ਤੇ ਸ਼ਰਾਬ ਦੇ ਢੇਰ ਲਾ ਦਿੱਤੇ ਗਏ। ਸ਼ਰਾਬ ਦੇ ਦਰਿਆ ਵਗਾਏ ਗਏ। ਦੁਨੀਆ ਵਿੱਚ ਸਭ ਤੋਂ ਵੱਧ ਪ੍ਰਤੀ ਜੀਅ ਸ਼ਰਾਬ ਸੇਵਨ ਪੰਜਾਬ ਵਿੱਚ ਹੁੰਦਾ ਹੈ, ਜਿਥੇ 8 ਕਰੋੜ ਤੋਂ ਵੱਧ ਸ਼ਰਾਬ ਦੀਆਂ ਬੋਤਲਾਂ ਪੀਤੀਆਂ ਜਾਂਦੀਆਂ ਹਨ। ਪੰਜਾਬ ਦੇ ਹਸਪਤਾਲਾਂ ਵਿੱਚ ਸ਼ਰਾਬ ਨਾਲ ਸਬੰਧਤ ਰੋਗੀਆਂ ਦੀ ਗਿਣਤੀ ਬੜੀ ਤੇਜ਼ੀ ਨਾਲ ਵੱਧ ਰਹੀ ਹੈ। ਗੁਆਂਢੀ ਹਿੰਦੂ ਪ੍ਰਾਂਤ ਹਰਿਆਣਾ ਨੇ ਤਾਂ 800 ਕਰੋੜ ਦੇ ਮੁਨਾਫ਼ੇ ਨੂੰ ਲੱਤ ਮਾਰ ਕੇ ਹਰਿਆਣੇ ਨੂੰ ਸ਼ਰਾਬ-ਰਹਿਤ ਸੂਬਾ ਕਰਾਰ ਦੇ ਦਿੱਤਾ ਹੈ, ਪਰ ਅਕਾਲੀਆਂ ਦੀ ਕਥਿਤ ਪੰਥਕ ਸਰਕਾਰ ਵਲੋਂ ਪੰਜਾਬ ਵਿੱਚ ਧੜਾ-ਧੜ ਸ਼ਰਾਬ ਦੇ ਠੇਕਿਆਂ ਦੀਆਂ ਲਾਈਨਾਂ ਵਿਛਾਈਆਂ ਜਾ ਰਹੀਆਂ ਹਨ। ਉਸ ਧਰਤੀ 'ਤੇ ਇਹ ਸਭ ਕੁਝ ਹੋ ਰਿਹਾ ਹੈ, ਜਿਥੋਂ ਸਾਡੇ ਮਹਾਨ ਗੁਰੂ ਸਾਹਿਬਾਨ ਨੇ ਸਾਨੂੰ ਇਸ ਲਾਹਨਤ ਤੋਂ ਬਚਾਉਣ ਲਈ ਸਦੀਆਂ ਪਹਿਲਾਂ ਅਗਾਊਂ ਇਸ 'ਤੇ ਪਾਬੰਦੀਆਂ ਲਾਈਆਂ ਸਨ।

ਬ੍ਰਾਹਮਣਵਾਦ ਨੇ ਹੁਣ ਤਕ ਸਿੱਖਾਂ ਨੂੰ ਸ਼ਰਾਬੀ, ਅਫ਼ੀਮਚੀ ਤੇ ਅਮਲੀ ਬਣਾ ਕੇ, ਇਹਨਾਂ ਦੀਆਂ ਰਗਾਂ ਵਿੱਚ ਨਸ਼ਿਆਂ ਦੀ ਜ਼ਹਿਰ ਭਰਕੇ, ਸਿੱਖ ਜਵਾਨੀ ਨੂੰ ਨਕਾਰਾ ਵੀ ਕੀਤਾ ਅਤੇ 1600 ਕਰੋੜ ਰੁਪਏ ਦਾ ਸਾਲਾਨਾ ਮੁਨਾਫ਼ਾ ਵੀ ਕਮਾਇਆ। ਹੁਣ ਸਿੱਖ ਨਸਲ ਨੂੰ ਖ਼ਤਮ ਕਰਨ ਲਈ ਸਿੱਖਾਂ ਦੀ ਕਥਿਤ ਪੰਥਕ ਸਰਕਾਰ ਰਾਹੀਂ ਵੱਡੇ ਪੈਮਾਨੇ ਉਤੇ ਪੰਜਾਬ ਅੰਦਰ ਜੂਏ-ਘਰ ਵੀ ਖੋਲ੍ਹੇ ਜਾ ਰਹੇ ਹਨ। ਇਸ ਸਕੀਮ ਨਾਲ 1600 ਕਰੋੜ ਰੁਪਏ ਦੇ ਮੁਨਾਫ਼ੇ ਨਾਲ ਸਿੱਖਾਂ ਦਾ ਖ਼ੂਨ ਵੀ ਚੂਸਿਆ ਜਾਣਾ ਹੈ ਅਤੇ ਸਿੱਖਾਂ ਨੂੰ ਜੁਆਰੀਆਂ ਦੀ ਕੌਮ ਬਣਾ ਕੇ ਤਬਾਹ ਵੀ ਕੀਤਾ ਜਾਣਾ ਹੈ। ਇਹ ਹੈ ਚਾਣਕੀਆ ਨੀਤੀ ਦਾ ਕਮਾਲ। ਸ਼ਿਕਾਰ ਹੱਡ-ਭੰਨਵੀਂ ਮਿਹਨਤ ਕਰਕੇ ਪੈਸਾ ਵੀ ਦੇਵੇ, ਆਪਣੇ ਆਪ ਨੂੰ ਤਬਾਹ ਵੀ ਆਪ ਕਰੇ। ਇੱਕ ਪੱਥਰ ਨਾਲ ਦੋ ਸ਼ਿਕਾਰ। ਇਥੇ ਇਹ ਗੱਲ ਨੋਟ ਕਰਨ ਵਾਲੀ ਹੈ ਕਿ ਸ਼ਰਾਬ, ਅਫ਼ੀਮ ਤੇ ਜੂਏ ਤੋਂ ਹੀ ਵਿਭਚਾਰ ਤੇ ਵੇਸਵਾ-ਗਮਨੀ ਦਾ ਜਨਮ ਹੁੰਦਾ ਹੈ। ਇਹਨਾਂ ਨਾਲ ਹੀ ਕੌਮਾਂ ਤਬਾਹ ਹੁੰਦੀਆਂ ਹਨ। ਹਾਕਮ ਜਮਾਤ ਦੇ ਅਜਿਹੇ ਸ਼ਰਮਨਾਕ ਹੱਥਕੰਡਿਆਂ ਦਾ ਮੁਕਾਬਲਾ ਕਰਨ ਲਈ ਸਿੱਖਾਂ ਸਾਹਮਣੇ ਦੋ ਹੀ ਰਾਹ ਹਨ। ਜਾਂ ਤਾਂ ਆਪਣੀ ਹੋਂਦ ਦਾ ਸਰਬਨਾਸ਼ ਕਰਾ ਲੈਣ ਜਾਂ ਖ਼ਾਲਿਸਤਾਨ ਅਜ਼ਾਦ ਕਰਾਕੇ ਆਪਣੀ ਹੋਂਦ ਨੂੰ ਕਾਇਮ ਕਰ ਲੈਣ। ਤੀਜਾ ਰਾਹ ਹੈ ਹੀ ਨਹੀਂ। ਸਿੱਖਾਂ ਨੇ ਅਜ਼ਾਦੀ ਦਾ ਰਾਹ ਚੁਣਿਆ ਹੈ ਅਤੇ ਇਹੋ ਹੀ ਖ਼ੁਦਦਾਰ ਕੌਮਾਂ ਦਾ ਰਾਹ ਹੈ।

ਅਜ ਹਰ ਸਿੱਖ ਨੂੰ ਗੰਭੀਰਤਾ ਨਾਲ ਸੋਚਣ ਦੀ ਲੋੜ ਹੈ ਕਿ ਸਾਡੇ ਗੁਰਧਾਮਾਂ ਉਤੇ ਕਿਉਂ ਫ਼ੌਜਾਂ ਚਾੜ੍ਹੀਆਂ ਗਈਆਂ? ਸਾਡੇ ਅਕਾਲ ਤਖ਼ਤ ਸਾਹਿਬ ਨੂੰ ਕਿਉਂ ਢਹਿ-ਢੇਰੀ ਕੀਤਾ ਗਿਆ? ਸਾਡੀ ਪੰਜ ਸੌ ਸਾਲ ਦੀ ਇਤਿਹਾਸਕ ਲਾਇਬਰੇਰੀ ਨੂੰ ਕਿਉਂ ਸਾੜਕੇ ਸੁਆਹ ਕੀਤਾ ਗਿਆ? ਸਾਡੇ ਗੁਰੂ ਹਰਿਗੋਬਿੰਦ ਸਾਹਿਬ ਦੇ ਸ਼ਸਤਰ ਕਿਉਂ

ਭੰਨ-ਤਰੋੜ ਕੇ ਤਬਾਹ ਕੀਤੇ ਗਏ? ਸਾਡੇ ਇਤਿਹਾਸਕ ਤੋਸ਼ੇਖ਼ਾਨੇ ਨੂੰ ਕਿਉਂ ਲੁੱਟਿਆ ਗਿਆ? ਸਾਡੀਆਂ ਧੀਆਂ ਭੈਣਾਂ ਦੀਆਂ ਬੇਪਤੀਆਂ ਕਿਉਂ ਕੀਤੀਆਂ ਗਈਆਂ? ਸਾਰੇ ਭਾਰਤ ਵਿੱਚ ਸਿੱਖਾਂ ਨੂੰ ਚੁਣ-ਚੁਣ ਕੇ, ਤੜਪਾ-ਤੜਪਾ ਕੇ, ਕੋਹ-ਕੋਹ ਕੇ, ਜ਼ਲੀਲ ਕਰ-ਕਰ ਕੇ ਕਿਉਂ ਮਾਰਿਆ, ਸਾੜਿਆ ਗਿਆ? ਸਿੱਖਾਂ ਨਾਲ ਸੰਬੰਧਤ ਸੰਸਥਾਵਾਂ-ਸਿਖਗੁਰਦੁਆਰਿਆਂ, ਸਿਖ ਸਕੂਲਾਂ-ਕਾਲਜਾਂ, ਸਿੱਖ ਲਾਇਬਰੇਰੀਆਂ, ਸਿੱਖ ਦੁਕਾਨਾਂ, ਸਿਖ ਕਾਰਖਾਨਿਆਂ ਅਤੇ ਸਿੱਖ ਘਰਾਂ ਨੂੰ ਕਿਉਂ ਲੁੱਟਿਆ, ਉਜਾੜਿਆ ਅੰਤੇ ਸਾੜਿਆ ਗਿਆ? ਕਦਮ-ਕਦਮ 'ਤੇ ਕਿਉਂ ਸਾਡੀਆਂ ਤਲਾਸ਼ੀਆਂ ਲਈਆਂ ਜਾਂਦੀਆਂ ਹਨ? ਸਾਨੂੰ ਅੱਤਵਾਦੀ, ਵੱਖਵਾਦੀ ਤੇ ਦੇਸ਼ ਧਰੋਹੀ ਕਿਉਂ ਗਰਦਾਨਿਆ ਜਾਂਦਾ ਹੈ? ਰੇਡੀਓ, ਟੀਵੀ ਉਤੇ ਕਿਉਂ ਸਿੱਖਾਂ ਦਾ ਮੌਜੂ ਉਡਾਇਆ ਜਾਂਦਾ ਹੈ? ਸਾਡੀ ਰਾਜਧਾਨੀ ਕਿਉਂ ਖੋਹ ਲਈ ਗਈ? ਸਾਡੇ ਦਰਿਆਵਾਂ ਦਾ 75 ਫ਼ੀਸਦੀ ਪਾਣੀ ਹਰਿਆਣਾ ਤੇ ਰਾਜਿਸਥਾਨ ਕਿਉਂ ਮੁਫ਼ਤ ਲੁੱਟ ਰਹੇ ਹਨ? ਪੰਜਾਬ ਦੀ 65 ਫ਼ੀਸਦੀ ਜ਼ਮੀਨ ਨੂੰ ਪੰਜਾਬ ਦੇ ਦਰਿਆਵਾਂ ਦੀ ਇੱਕ ਛਿੱਟ ਤਕ ਕਿਉਂ ਨਹੀਂ ਮਿਲ ਰਹੀ? ਪੰਜਾਬ ਦੀ ਧਰਤੀ, ਪੰਜਾਬ ਦੇ ਪਾਣੀ, ਪੰਜਾਬ ਦੇ ਪੈਸੇ ਅਤੇ ਪੰਜਾਬ ਦੇ ਲੋਕਾਂ ਦੀ ਹੱਡ-ਭੰਨਵੀਂ ਮਿਹਨਤ ਨਾਲ ਬਣਾਏ ਡੈਮ ਦੀ ਬਿਜਲੀ ਦੀ ਮਾਲਕ ਕੇਂਦਰੀ ਮਨੂ ਸਰਕਾਰ ਕਿਉਂ ਬਣੀ ਬੈਠੀ ਹੈ? ਸਾਡੇ ਪੰਜਾਬੀ ਬੋਲਦੇ ਇਲਾਕੇ ਕਿਉਂ ਗੁਆਂਢੀ ਪ੍ਰਾਂਤਾਂ ਨੂੰ ਦੇ ਦਿੱਤੇ ਗਏ? ਡੇਢ ਲੱਖ ਤੋਂ ਦੋ ਲੱਖ ਸਿੱਖਾਂ ਦਾ ਕਿਉਂ ਘਾਣ ਕੀਤਾ ਗਿਆ? ਝੂਠੇ ਮੁਕਾਬਲੇ ਦੱਸਕੇ ਕਿਉਂ ਸਿੱਖ ਜਵਾਨਾਂ ਨੂੰ ਚੁਣ-ਚੁਣ ਕੇ ਕੋਹ-ਕੋਹ ਕੇ ਮਾਰਆ ਗਿਆ? ਛੇ ਜ਼ਿਲਿਆਂ ਦੀ ਬਣਾਈ ਪੰਜਾਬੀ ਸੂਬੀ ਵਿੱਚ ਵੀ ਅੱਜੇ ਤਕ ਪੰਜਾਬੀ ਕਿਉਂ ਨਹੀਂ ਲਾਗੂ ਕੀਤੀ ਗਈ?

ਉਹ ਕੌਮ ਹੀ ਗ਼ੁਲਾਮ ਬਣਦੀ ਹੈ, ਜਿਸ ਦੇ ਬਸ਼ਿੰਦੇ ਅਤੇ ਖ਼ਾਸ ਤੌਰ ਤੇ ਆਗੂ ਜ਼ਮੀਰ ਫ਼ਿਰੋਸ਼ ਹੋਣ, ਖ਼ੁਦਗਰਜ਼ ਹੋਣ ਅਤੇ ਗ਼ੁਲਾਮ ਬਿਰਤੀ ਵਾਲੇ ਹੋਣ। ਜੇ ਲੋਕ ਗ਼ੁਲਾਮ ਬਿਰਤੀ ਵਾਲੇ ਕਾਇਰ ਨਾ ਹੋਣ, ਤਾਂ ਕੋਈ ਸਾਮਰਾਜੀ ਤਾਕਤ ਉਹਨਾਂ ਨੂੰ ਗ਼ੁਲਾਮ ਬਨਾਣ ਦੀ ਜੁਰਅਤ ਹੀ ਨਹੀਂ ਕਰ ਸਕਦੀ। ਜ਼ਮੀਰ-ਫ਼ਿਰੋਸ਼ਾਂ ਤੇ ਕਾਇਰ ਲੋਕਾਂ ਦੀ ਸਹਾਇਤਾ ਨਾਲ ਹੀ ਸਾਮਰਾਜੀ ਤਾਕਤਾਂ ਆਪਣੀਆਂ ਗ਼ੁਲਾਮ ਕੌਮਾਂ 'ਤੇ ਰਾਜ ਕਰਦੀਆਂ ਹਨ ਅਤੇ ਆਪਣੀ ਗ਼ੁਲਾਮ ਕੌਮ ਦੀ ਪੁਲਸ, ਫ਼ੌਜ ਤੇ ਸਰਕਾਰੀ ਅਮਲੇ ਨਾਲ ਹੀ ਗ਼ੁਲਾਮ ਬਣਾਈ ਰੱਖਦੀਆਂ ਹਨ। ਗ਼ੁਲਾਮ ਲੋਕ ਆਪਣੀ ਪੁਲਸ, ਆਪਣੀ ਫ਼ੌਜ ਅਤੇ ਆਪਣੇ ਸਰਕਾਰੀ ਅਮਲੇ ਨਾਲ ਗ਼ੁਲਾਮੀ ਬੜੀ ਵਫ਼ਾਦਾਰੀ ਨਾਲ ਸਾਂਭ ਕੇ ਰੱਖਦੇ ਹਨ। ਗ਼ੁਲਾਮ ਕੌਮ ਦੇ ਲੋਕ ਹਾਕਮ ਜਮਾਤ ਦੇ ਦਿੱਤੇ ਖ਼ਿਤਾਬਾਂ 'ਤੇ ਫ਼ਖ਼ਰ ਕਰਨਾ ਸ਼ੁਰੂ ਕਰ ਦੇਂਦੇ ਹਨ ਅਤੇ ਹਾਕਮ ਜਮਾਤ ਦੀ ਬੋਲੀ ਤੇ ਸਭਿਆਚਾਰ ਨੂੰ ਆਪਣੀ ਬੋਲੀ ਤੇ ਸਭਿਆਚਾਰ ਨਾਲੋਂ ਉਚੇਰਾ ਸਮਝਣ ਲੱਗ ਪੈਂਦੇ ਹਨ ਤੇ ਆਪਣੀ ਬੋਲੀ ਤੇ ਸਭਿਆਚਾਰ ਭੁਲਾਕੇ ਅੰਤ ਵਿੱਚ ਆਪਣੀ ਹੋਂਦ ਵੀ ਗਵਾ ਬੈਠਦੇ ਹਨ। ਯੋਗ ਆਗੂ ਜਿਥੇ ਕੌਮਾਂ ਤੇ ਮੁਲਕਾਂ ਦੀ ਤਕਦੀਰ ਬਦਲ ਕੇ ਰੱਖ ਦਿੰਦੇ ਹਨ, ਉਥੇ ਅਯੋਗ ਆਗੂ ਕੌਮਾਂ ਤੇ ਮੁਲਕਾਂ ਦੀ ਤਬਾਹੀ ਦਾ ਕਾਰਨ ਬਣਦੇ ਹਨ।

ਸਿਖ ਕੌਮ ਸੰਸਾਰ ਦੀ ਇਕੋ ਇਕ ਕੌਮ ਹੈ,ਜਿਸ ਕੋਲ ਯੋਗਤਾ,ਗੁਣ,ਸੇਵਾ,ਕੁਰਬਾਨੀ ਅਤੇ ਨਿਸ਼ਕਾਮਤਾ ਦੇ ਆਧਾਰ 'ਤੇ ਆਗੂ ਚੋਣ ਕਰਨ ਦਾ ਸ਼ਾਨਦਾਰ ਵਿਰਸਾ ਵੀ ਹੈ ਅਤੇ ਜਿਸ ਨੂੰ ਆਗੂ ਚੋਣ ਕਰਨ ਦੀ ਅਮਲੀ ਟਰੇਨਿੰਗ ਵੀ ਮਿਲ ਚੁੱਕੀ ਹੈ। ਸਿੱਖ ਕੌਮ ਹੀ ਦੁਨੀਆ ਦੀ ਅਜਿਹੀ ਅਵੇਸਲੀ ਕੌਮ ਹੈ,ਜਿਹੜੀ ਆਪਣੇ ਇਸ ਸ਼ਾਨਦਾਰ ਵਿਰਸੇ ਨੂੰ ਪਿੱਠ ਦੇਈ ਬੈਠੀ ਹੈ। ਗੁਰੂ ਸਾਹਿਬਾਨ ਦੇ ਸਮੇਂ ਤੋਂ ਲੈਕੇ ਰਣਜੀਤ ਸਿੰਘ ਦੇ ਰਾਜ ਕਾਇਮ ਹੋਣ ਤਕ ਸਿੱਖੀ ਦੇ ਬੂਟੇ ਲਈ ਹਮੇਸ਼ਾ ਯੋਗ ਗੁਣਾਂ ਵਾਲੇ ਮਾਲੀ ਦੀ ਚੋਣ ਹੁੰਦੀ ਰਹੀ। ਉਚੇ ਤੇ ਸੁੱਚੇ ਜੀਵਨ ਅਤੇ ਕੁਰਬਾਨੀ ਕਰਨ ਵਾਲੇ ਨਿਸ਼ਕਾਮ ਆਗੂ ਹੀ ਕੌਮ ਦੀ ਅਗਵਾਈ ਕਰਦੇ ਰਹੇ। ਸਿੱਖ ਕੌਮ ਗੁਰੂ ਦੇ ਦੱਸੇ ਰਾਹਾਂ 'ਤੇ ਚੱਲਦੀ ਰਹੀ ਅਤੇ ਸਦਾ ਚੜ੍ਹਦੀ ਕਲਾ ਵਿੱਚ ਰਹਿੰਦੀ ਰਹੀ। ਆਗੂ ਉਹ ਬਣਦੇ ਰਹੇ,ਜਿਹੜੇ ਸਿੱਖੀ ਜੀਵਨ ਵਾਲੇ ਸਨ,ਕਹਿਣੀ ਤੇ ਕਰਨੀ ਦੇ ਸੰਤੁਲਨ ਵਾਲੇ ਸਨ ਅਤੇ ਸਿੱਖੀ ਜੀਵਨ ਦਾ ਨਮੂਨਾ ਬਣਕੇ ਦੂਜਿਆਂ ਨੂੰ ਪ੍ਰੇਰਨਾ ਦੇਂਦੇ ਰਹੇ।

ਗ਼ੁਲਾਮੀ,ਬਿਰਛ ਖਾਣ ਵਾਲੀ ਅਮਰਬੇਲ ਵਾਂਗ ਹੈ ਜਿਹੜੀ ਬਿਰਛਾਂ ਉਪਰ ਫੈਲਦੀ ਹੈ ਅਤੇ ਉਹਨਾਂ ਦਾ ਰਸ ਚੂਸਕੇ,ਪਲਰਦੀ,ਪੁੰਗਰਦੀ ਤੇ ਵਧਦੀ ਹੈ। ਗ਼ੁਲਾਮੀ ਵੀ ਅਮਰਬੇਲ ਵਾਂਗ ਮਨੁੱਖ ਦੇ ਸਮੁੱਚੇ ਜੀਵਨ 'ਤੇ ਛਾ ਜਾਂਦੀ ਹੈ। ਮਨੁੱਖੀ ਜੀਵਨ ਸਰੀਰ,ਮਨ ਤੇ ਆਤਮਾ ਨਾਲ ਕਾਇਮ ਹੈ। ਇਹ ਤਿੰਨੇ ਅੰਗ ਗ਼ੁਲਾਮੀ ਦੇ ਮਾਰੂ ਵਾਰ ਦਾ ਸ਼ਿਕਾਰ ਹੋ ਜਾਂਦੇ ਹਨ। ਗ਼ੁਲਾਮੀ ਸਿਉਂਕ ਵਾਂਗ ਮਨੁੱਖ ਦੀ ਮਾਨਸਿਕ ਸ਼ਕਤੀ ਨੂੰ ਰੇਸ਼ਾ-ਰੇਸ਼ਾ ਕਰਕੇ ਰੱਖ ਦੇਂਦੀ ਹੈ। ਜਿਹੜਾ ਬੰਦਾ ਮਾਨਸਿਕ ਤੌਰ ਤੇ ਗ਼ੁਲਾਮ ਹੈ,ਉਹਦਾ ਸਰੀਰ ਤਾਂ ਆਪਣੇ ਆਪ ਗ਼ੁਲਾਮ ਬਣ ਜਾਂਦਾ ਹੈ ਕਿਉਂਕਿ ਮਨ ਹੀ ਤਾਂ ਸਰੀਰਕ ਘੋੜੇ ਦਾ ਕੋਚਵਾਨ ਹੈ।

ਜਿੰਨਾ ਚਿਰ ਕੋਈ ਕੌਮ ਪਰ-ਅਧੀਨ ਹੋ ਕੇ ਰਹਿੰਦੀ ਹੈ,ਪਰਾਏ ਵਸ ਹੋਕੇ ਰਹਿੰਦੀ ਹੈ,ਪਰਾਏ ਦਰਾਂ 'ਤੇ ਰੁਲਦੀ ਹੈ,ਉਸ ਨੂੰ ਹਰ ਪਾਸਿਓਂ ਧੱਕੇ ਹੀ ਪੈਂਦੇ ਹਨ ਅਤੇ ਉਹ ਖ਼ੁਆਰ ਹੀ ਹੁੰਦੀ ਰਹਿੰਦੀ ਹੈ। ਕਿਸੇ ਦੇ ਰਹਿਮ 'ਤੇ ਜੀਉਣ ਵਾਲੇ ਮਨੁੱਖਾਂ ਜਾਂ ਕੌਮਾਂ ਵਿੱਚੋਂ ਜੀਣ-ਥੀਣ ਅਤੇ ਕੁਝ ਨੇਪਰੇ ਚਾੜ੍ਹ ਸਕਣ ਦੀ ਸਪਿਰਿਟ ਅਲੋਪ ਹੋ ਜਾਂਦੀ ਹੈ ਕਿਉਂਕਿ ਪ੍ਰਾਧੀਨਤਾ ਮਨੁੱਖ ਅੰਦਰ ਕਾਇਰਤਾ,ਹੀਣਤਾ ਅਤੇ ਘਟੀਆਪਨ ਦਾ ਅਹਿਸਾਸ ਪੈਦਾ ਕਰਦੀ ਹੈ। ਇਹੋ ਜਿਹੀ ਅਵਸਥਾ ਹੀ ਅੱਜ ਸਿਖ ਕੌਮ ਦੀ ਹੋਈ ਪਈ ਹੈ। ਜਿਨ੍ਹਾਂ ਲੋਕਾਂ ਉਤੇ ਗ਼ੈਰਾਂ ਦੀ ਹਕੂਮਤ ਹੋਵੇ ਜਾਂ ਜਿਹੜੇ ਲੋਕ ਪ੍ਰਾਧੀਨ ਹੋਣ,ਉਹਨਾਂ ਦਾ ਸਭ ਕੁਝ ਗ਼ਲਤ ਹੋ ਜਾਂਦਾ ਹੈ। ਪ੍ਰਾਧੀਨਤਾ ਕਿਸੇ ਕੌਮ ਦੇ ਧਾਰਮਿਕ,ਸਭਿਆਚਾਰਕ ਅਤੇ ਸਦਾਚਾਰਕ ਵਿਕਾਸ ਵਿੱਚ ਬਹੁਤ ਵੱਡਾ ਰੋੜਾ ਬਣਦੀ ਹੈ। ਗ਼ੁਲਾਮੀ ਦੇ ਮਾਹੌਲ ਵਿੱਚ ਕੋਈ ਵੀ ਕੌਮ ਅਣਖ,ਗ਼ੈਰਤ ਅਤੇ ਸਵੈਮਾਣ ਦੀ ਜ਼ਿੰਦਗੀ ਨਹੀਂ ਗੁਜ਼ਾਰ ਸਕਦੀ,ਸਗੋਂ ਹਾਕਮ ਜਮਾਤ ਦੇ ਕਹੇ ਅਨੁਸਾਰ ਉਸ ਨੂੰ ਸਭ ਕੁਝ ਕਰਣਾ ਪੈਂਦਾ ਹੈ। ਇਹ ਸਭ ਕੁਝ ਅੱਜ ਦੇ ਵਿਚਾਰਵਾਨ ਹੁਣ ਸਮਝੇ ਹਨ,ਪਰ

ਗੁਰਮਤਿ ਨੇ ਸਦੀਆਂ ਪਹਿਲਾਂ 'ਬਾਰਿ ਪਰਾਇਐ ਬੈਸਣਾ' ਦੇ ਨਰਕਮਈ ਜੀਵਨ ਨੂੰ ਤ੍ਰਿਸਕਾਰ ਤੇ ਅਜ਼ਾਦੀ ਦਾ ਰਾਹ ਵਿਖਾਇਆ ਹੈ। ਬੇਗੈਰਤ ਜੀਵਨ ਨੂੰ ਹਰਾਮ ਦੱਸ ਕੇ ਅਣਖ ਤੇ ਗੈਰਤ ਦਾ ਜੀਵਨ ਜੀਣਾ ਸਿਖਾਇਆ ਹੈ।

ਜਿਹੜੀ ਕੌਮ ਦਾ ਆਪਣਾ ਅਜ਼ਾਦ ਘਰ ਨਹੀਂ, ਅਜ਼ਾਦ ਮੁਲਕ ਨਹੀਂ, ਜਿਹੜੀ ਕੌਮ ਆਪਣੇ ਜੀਵਨ ਦੀ ਖ਼ੁਦ-ਮੁਖ਼ਤਿਆਰ ਨਹੀਂ, ਜਿਹੜੀ ਕੌਮ ਸੰਸਾਰ ਬਰਾਦਰੀ (ਯੂ.ਐਨ.ਓ.) ਦੀ ਮੈਂਬਰ ਨਹੀਂ, ਜਿਸ ਕੌਮ ਦਾ ਸੰਸਾਰ ਮੰਚ 'ਤੇ ਆਪਣਾ ਕੌਮੀ ਨਿਸ਼ਾਨ ਨਹੀਂ, ਜਿਸ ਕੌਮ ਦੀ ਦੁਨੀਆ ਦੇ ਕਿਸੇ ਮੁਲਕ ਨਾਲ ਸਾਂਝ ਨਹੀਂ, ਉਹ ਕੌਮ ਗੁਲਾਮ ਨਹੀਂ, ਤਾਂ ਹੋਰ ਕੀ ਹੈ? ਜਿੱਥੇ ਰਹਿਣ-ਸਹਿਣ ਤੇ ਜੀਣ-ਥੀਣ ਦੀ ਖੁਲ੍ਹ ਨਹੀਂ, ਜਿੱਥੇ ਕਦਮ-ਕਦਮ 'ਤੇ ਡਰ-ਸਹਿਮ ਦੇ ਪਰਛਾਵੇਂ ਹਨ, ਜਿੱਥੇ ਚੱਪੇ-ਚੱਪੇ 'ਤੇ ਬੰਦਸ਼ਾਂ ਤੇ ਮਨਾਹੀਆਂ ਹਨ, ਜਿੱਥੇ ਸ਼ੱਕ-ਸ਼ੁਬ੍ਹੇ ਦੀਆਂ ਨਜ਼ਰਾਂ ਪਾੜ-ਪਾੜ ਕੇ ਤੱਕਦੀਆਂ ਹੋਣ, ਜਿੱਥੇ ਕਦਮ-ਕਦਮ 'ਤੇ ਤਲਾਸ਼ੀਆਂ ਲਈਆਂ ਜਾਂਦੀਆਂ ਹੋਣ, ਜਿਸ ਕੌਮ ਦੇ ਬੁਨਿਆਦੀ ਮਨੁੱਖੀ ਅਧਿਕਾਰ ਖੋਹ ਲਏ ਗਏ ਹੋਣ, ਜਿੱਥੇ ਸਿੱਖ ਹੋਣਾ ਜੁਰਮ ਬਣਾ ਦਿੱਤਾ ਗਿਆ ਹੋਵੇ, ਜਿਸ ਕੌਮ ਨੂੰ ਕਿਸੇ ਗੱਲ ਦੀ ਵੀ ਖੁਲ੍ਹ ਨਾ ਹੋਵੇ, ਉਹ ਕੌਮ ਗੁਲਾਮ ਨਹੀਂ, ਤਾਂ ਹੋਰ ਕੀ ਹੈ?

ਗੁਲਾਮੀ ਕਾਰਨ ਹੀ ਸਾਡੇ ਗੁਰਧਾਮਾਂ 'ਤੇ ਫ਼ੌਜਾਂ ਚਾੜ੍ਹੀਆਂ ਗਈਆ, ਗੁਲਾਮੀ ਕਾਰਨ ਹੀ ਸਾਡੇ ਅਕਾਲ ਤਖ਼ਤ ਸਾਹਿਬ ਨੂੰ ਢਾਹਿਆ ਗਿਆ, ਗੁਲਾਮੀ ਕਾਰਨ ਹੀ ਸਾਡੀ ਇਤਿਹਾਸਕ ਵਿਰਸੇ ਦੀ ਲਾਇਬਰੇਰੀ ਨੂੰ ਸਾੜ ਕੇ ਸੁਆਹ ਕਰ ਦਿੱਤਾ ਗਿਆ। ਗੁਲਾਮੀ ਕਾਰਨ ਹੀ ਸਾਡੇ ਇਤਿਹਾਸਕ ਕੌਮੀ ਤੋਸ਼ੇਖ਼ਾਨੇ ਨੂੰ ਲੁੱਟਿਆ ਗਿਆ, ਗੁਲਾਮੀ ਕਾਰਨ ਹੀ ਸਾਡੀਆਂ ਜਰਨੈਲੀ ਸੜਕਾਂ 'ਤੇ ਤਲਾਸ਼ੀਆਂ ਲੈ ਕੇ ਸਾਨੂੰ ਜ਼ਲੀਲ ਕੀਤਾ ਗਿਆ, ਗੁਲਾਮੀ ਕਾਰਨ ਹੀ ਸਾਨੂੰ ਦਰਬਾਰ ਸਾਹਿਬ ਦੇ ਦਰਸ਼ਨ ਕਰਨ ਲਈ ਅੰਦਰ ਜਾਣ ਤੋਂ ਪਹਿਲਾਂ ਤਲਾਸ਼ੀਆਂ ਦੇਣੀਆਂ ਪੈਂਦੀਆਂ ਹਨ ਅਤੇ ਗੁਲਾਮੀ ਕਾਰਨ ਹੀ ਸਾਡੀਆਂ ਧੀਆਂ ਭੈਣਾਂ ਦੀਆਂ ਬੇਪਤੀਆਂ ਹੋਈਆਂ। ਗੁਲਾਮੀ ਕਾਰਨ ਹੀ ਜਹਾਜ਼ 'ਤੇ ਚੜ੍ਹਨ ਲਗਿਆਂ ਸਾਡੀਆਂ ਕਿਰਪਾਨਾਂ ਉਤਰਵਾ ਲਈਆਂ ਜਾਂਦੀਆਂ ਹਨ। ਗੁਲਾਮੀ ਕਾਰਨ ਹੀ ਅੱਜ ਰਾਜਿਸਥਾਨ ਵਿੱਚ ਅੰਮ੍ਰਿਤ ਛਕਣ ਅਤੇ ਛਕਾਉਣ ਵਾਲਿਆਂ ਦੇ ਨਾਂਵਾਂ ਦੀ ਲਿਸਟ ਉਥੋਂ ਦੀ ਸਰਕਾਰ ਨੂੰ ਦੇਣੀ ਪੈਂਦੀ ਹੈ। ਗੁਲਾਮੀ ਕਾਰਨ ਹੀ ਭਾਰਤੀ ਹਵਾਈ ਫ਼ੌਜ ਦੇ ਹਰਵਿੰਦਰ ਸਿੰਘ ਨੂੰ ਦਾੜ੍ਹੀ ਖੁੱਲ੍ਹੀ ਰਖੱਣ ਕਰਕੇ ਏਅਰਫ਼ੋਰਸ ਵਿੱਚੋਂ ਕੱਢ ਦਿੱਤਾ ਗਿਆ। ਬਦੇਸ਼ੀ ਸਰਕਾਰਾਂ ਤਾਂ ਖ਼ਾਲਸੇ ਦੀ ਪਹਿਚਾਣ ਕੇਸ ਦਾੜ੍ਹੀ ਭਾਵ ਪੰਜ ਕਕਾਰਾਂ ਨੂੰ ਮਾਨਤਾ ਦੇ ਰਹੀਆਂ ਹਨ ਅਤੇ ਆਪਣੇ ਦੇਸ਼ ਦੇ ਕਾਨੂੰਨਾਂ ਵਿੱਚ ਵਿਧਾਨਕ ਸੋਧਾਂ ਕਰ ਰਹੀਆਂ ਹਨ, ਪਰ ਮਨੂਵਾਦੀ ਸਰਕਾਰ ਪਾਬੰਦੀਆਂ ਲਾ ਰਹੀ ਹੈ ਕਿਉਂਕਿ ਅਸੀਂ ਗੁਲਾਮ ਹਾਂ। ਸਿੱਖ ਕੌਮ ਦੀਆਂ ਸਾਰੀਆਂ ਗਿਰਾਵਟਾਂ ਦਾ ਮੂਲ ਕਾਰਨ ਗੁਲਾਮੀ ਹੈ।

ਇਹ ਗ਼ੁਲਾਮੀ ਹੀ ਸਾਰੀਆਂ ਬੀਮਾਰੀਆਂ ਦੀ ਜੜ੍ਹ ਹੈ। ਅਜ਼ਾਦੀ ਬਿਨਾਂ ਵਜ਼ਾਰਤਾਂ, ਧਨ, ਰੁਤਬੇ ਤੇ ਪਦਵੀਆਂ ਸਭ ਵਿਅਰਥ ਹਨ।

ਕਿਸੇ ਗ਼ੁਲਾਮ ਕੌਮ ਦਾ ਸਭ ਤੋਂ ਪਹਿਲਾ ਫ਼ਿਕਰ ਗ਼ੁਲਾਮੀ ਤੋਂ ਛੁਟਕਾਰਾ ਪਾਣਾ ਹੋਣਾ ਚਾਹੀਦਾ ਹੈ। ਗ਼ੁਲਾਮੀ ਦੀਆਂ ਬੇੜੀਆਂ ਵਿੱਚ ਹੱਥ-ਪੈਰ ਬੱਧੇ ਹੋਏ ਆਦਮੀਆਂ ਸਾਹਮਣੇ ਸਭ ਤੋਂ ਪਹਿਲਾ ਕੰਮ ਹੱਥਾਂ-ਪੈਰਾਂ ਨੂੰ ਖੋਲ੍ਹਣ ਦਾ ਫ਼ਿਕਰ ਹੋਣਾ ਚਾਹੀਦਾ ਹੈ। ਗ਼ੁਲਾਮੀ ਦੇ ਜੂਲੇ ਨੂੰ ਲਾਹ ਸੁੱਟਣ ਮਗਰੋਂ ਹੀ ਕੋਈ ਹੋਰ ਕੰਮ ਕੀਤਾ ਜਾਣਾ ਚਾਹੀਦਾ ਹੈ। ਜੇ ਗ਼ੁਲਾਮੀ ਦੀਆਂ ਬੇੜੀਆਂ ਤੋੜ ਦਿੱਤੀਆਂ ਜਾਣ, ਸਭ ਕੰਮ ਸਾਲਾਂ ਵਿੱਚ ਨੇਪਰੇ ਚਾੜ੍ਹੇ ਜਾ ਸਕਦੇ ਹਨ, ਪਰ ਗ਼ੁਲਾਮੀ ਵਿੱਚ ਕੋਈ ਕੰਮ ਸਿਰੇ ਨਹੀਂ ਚਾੜ੍ਹਿਆ ਜਾ ਸਕਦਾ। ਆਪੋ ਆਪਣੀਆਂ ਚੌਧਰਾਂ ਕਾਇਮ ਰੱਖਣ ਲਈ ਜਾਂ ਗੋਲਕਾਂ ਖ਼ਾਤਰ ਵਿਦੇਸ਼ਾਂ ਵਿੱਚ ਗੁਰਦੁਆਰੇ ਉਸਾਰਨ ਦੀ ਦੌੜ ਨਾਲੋਂ ਸਿੱਖੀ ਕਿਰਦਾਰ ਉਸਾਰਨ ਦੀ ਵਧੇਰੇ ਲੋੜ ਹੈ, ਤਾਂ ਜੋ ਅਜ਼ਾਦੀ ਪ੍ਰਾਪਤ ਕੀਤੀ ਜਾ ਸਕੇ। ਹੇਠ ਲਿਖੀ ਸਚਾਈ ਨੂੰ ਸਦਾ ਚੇਤੇ ਰੱਖਣਾ ਹੈ -

ਰਾਜ ਬਿਨਾ ਨ ਧਰਮ ਚਲੇ ਹੈ।
ਧਰਮ ਬਿਨਾ ਸਭ ਦਲੇ ਮਲੇ ਹੈ।

ਅੱਜ ਹਰ ਸਿੱਖ, ਹਰ ਇਸਤਰੀ, ਹਰ ਬੱਚੇ ਬਜ਼ੁਰਗ ਦਾ ਫ਼ਰਜ਼ ਬਣਦਾ ਹੈ ਕਿ ਆਪਣੀ ਕੌਮ ਨੂੰ ਗ਼ੁਲਾਮ ਬਨਾਣ ਵਾਲੀਆਂ ਗਤੀ-ਵਿਧੀਆਂ ਤੋਂ ਦੂਰ ਰਹਿਣ। ਜਿਹੜੀਆਂ ਤਾਕਤਾਂ ਆਪਣੀ ਕੌਮ ਨੂੰ ਗ਼ੁਲਾਮ ਬਣਾਦੀਆਂ ਹਨ, ਉਹਨਾਂ ਦਾ ਸਾਥ ਨਾ ਦਿੱਤਾ ਜਾਏ। ਅੱਜ ਹਰ ਸਿੱਖ ਨੂੰ ਗੰਭੀਰਤਾ ਨਾਲ ਸੋਚਣਾ ਚਾਹੀਦਾ ਹੈ ਕਿ ਕੀ ਅਸੀਂ ਇਸੇ ਤਰ੍ਹਾਂ ਬ੍ਰਾਹਮਣਵਾਦ ਦੇ ਹਮੇਸ਼ਾ ਦਾਸ ਬਣੇ ਰਹਿਣਾ ਹੈ ਅਤੇ ਆਪਣੀ ਆਉਣ ਵਾਲੀ ਸਿੱਖ ਨਸਲ ਨੂੰ ਗ਼ੁਲਾਮੀ ਦਾ ਜੀਵਨ ਦੇਕੇ ਜਾਣਾ ਹੈ? ਇਸ ਡੈਮੋਕਰੇਸੀ ਵਿੱਚ ਸਿੱਖਾਂ ਨੇ ਹਮੇਸ਼ਾ ਗ਼ੁਲਾਮ ਰਹਿਕੇ ਹਿੰਦੂਆਂ ਵਿੱਚ ਜਜ਼ਬ ਹੋ ਜਾਣਾ ਹੈ। ਇਕ ਪਾਸੇ 82 ਫ਼ੀਸਦੀ ਬੰਦੇ ਇੱਕ ਧਰਮ ਅਤੇ ਇੱਕ ਸਭਿਆਚਾਰ ਦੇ ਹੋਣ ਤਾਂ ਉਥੇ ਡੇਢ ਜਾਂ ਦੋ ਫ਼ੀਸਦੀ ਬੰਦੇ ਕੀ ਕਰ ਸਕਦੇ ਹਨ, ਜਦ ਕਿ ਰਾਜ ਭਾਗ ਦੀ ਸਾਰੀ ਤਾਕਤ ਉਹਨਾਂ 82 ਫ਼ੀਸਦੀ ਲੋਕਾਂ ਦੇ ਹੱਥ ਵਿੱਚ ਹੋਵੇ। ਇਸ ਲਈ ਕੌਮ ਦੀ ਹੋਂਦ ਕਾਇਮ ਰੱਖਣ ਲਈ ਸਭ ਤੋਂ ਜ਼ਰੂਰੀ ਤੇ ਫ਼ੌਰੀ ਕੰਮ ਗ਼ੁਲਾਮੀ ਦਾ ਤੌਕ ਗਲੋਂ ਲਾਹੁਣ ਦਾ ਹੋਣਾ ਚਾਹੀਦਾ ਹੈ।

.ਗਾਫ਼ਲ ਸਿੱਖ ਕੌਮ ਨੂੰ ਚਿਤਾਵਨੀ

ਖ਼ਤਰੇ ਦੀ ਘੰਟੀ ਤਾਂ ਕਦੋਂ ਦੀ ਵਜ ਰਹੀ ਹੈ ਘੂਕ ਸੁੱਤੀ ਪਈ ਸਿੱਖ ਕੌਮ ਦੀਆਂ ਕਦੋਂ ਅੱਖਾਂ ਖੁਲ੍ਹਣਗੀਆਂ?

ਸਾਡੇ ਖ਼ੁਦਗਰਜ਼ ਲੀਡਰਾਂ ਪੰਥ ਨੂੰ ਆਰ.ਐਸ.ਐਸ ਦੀ ਜੋਲੀ ਵਿੱਚ ਪਾ ਦਿੱਤਾ ਹੋਇਆ ਹੈ। ਅਕਾਲ ਤਖ਼ਤ ਅਤੇ ਸ਼੍ਰੋ.ਗੁ.ਪ੍ਰ.ਕਮੇਟੀ 'ਤੇ ਆਰ.ਐਸ.ਐਸ.ਦਾ ਕਬਜ਼ਾ ਹੋ ਚੁੱਕਾ ਹੈ। ਉਸ ਦੇ ਆਦੇਸ਼ਾਂ ਨਾਲ ਸਿਗਰਟਾਂ ਤੇ ਬੀੜੀਆਂ ਪੀਣ ਵਾਲੇ ਭਈਏ ਗੁਰੂ ਕਾ ਲੰਗਰ ਤਿਆਰ ਕਰਨ 'ਤੇ ਲਾਏ ਗਏ ਹਨ ਅਤੇ ਉਨ੍ਹਾਂ ਨੂੰ ਤਕੜੀਆਂ ਤਨਖ਼ਾਹਾਂ ਦਿੱਤੀਆਂ ਜਾ ਰਹੀਆਂ ਹਨ। ਪੰਜਾਬੋਂ ਬਾਹਰ ਦੇ ਗੁਰਦੁਆਰੇ ਤਾਂ ਪਹਿਲਾਂ ਹੀ ਇਹਨਾਂ ਦੇ ਹੱਥਾਂ ਵਿੱਚ ਸਨ, ਹੁਣ ਪੰਜਾਬ ਦੇ ਗੁਰਦੁਆਰੇ ਵੀ ਆਰ.ਐਸ.ਐਸ.ਦੇ ਹੱਥਾਂ ਵਿੱਚ ਆ ਗਏ ਹਨ। ਜਦ ਕਾਫ਼ਰ ਹੀ ਕਾਬੇ ਵਿੱਚ ਕਾਬਜ਼ ਹੋ ਜਾਏ, ਤਾਂ ਈਮਾਨ ਕਿਥੋਂ ਬਚੇਗਾ? ਪਾਕਿਸਤਾਨ ਨੇ ਤਾਂ ਉਥੋਂ ਦੇ ਗੁਰਦੁਆਰਿਆਂ ਦੀ ਪ੍ਰਬੰਧਕ ਕਮੇਟੀ ਬਣਾ ਦਿੱਤੀ ਹੈ। ਭਾਰਤ ਦੀ ਬਣੀ ਹੋਈ ਗੁਰਦੁਆਰਾ ਪ੍ਰਬੰਧਕ ਕਮੇਟੀ 'ਤੇ ਭਾਰਤੀ ਹਾਕਮਾਂ ਦੀ ਫ਼ਾਸ਼ੀ ਜਮਾਤ ਨੇ ਕਬਜ਼ਾ ਕਰ ਲਿਆ ਹੈ। ਰੋਜ਼ ਨਿੱਤ ਨਵੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਨਾਲੋਂ ਇਕੋ ਅਜ਼ਾਦੀ ਦੀ ਲੜਾਈ ਲੜਨ ਦੀ ਲੋੜ ਹੈ।

ਭਾਜਪਾ ਸਰਕਾਰ ਨੇ ਹਿੰਦੁਸਤਾਨ ਨੂੰ ਹਿੰਦੂ ਰਾਸ਼ਟਰ ਹੋਣ ਦਾ ਐਲਾਨ ਕਰ ਦਿੱਤਾ ਹੈ। ਮਸਜਿਦਾਂ ਨੂੰ ਸਿਜਦਾ ਕਰਨ ਵਾਲੇ ਮਲੇਛਾਂ, ਗੁਰਦੁਆਰੇ ਜਾਣ ਵਾਲੇ ਅੱਤਵਾਦੀਆਂ ਤੇ ਵੱਖਵਾਦੀਆਂ ਅਤੇ ਗਿਰਜਿਆਂ ਵਿੱਚ ਜਾਣ ਵਾਲੇ ਬਦੇਸ਼ੀ ਅਧਰਮੀਆਂ ਦਾ ਸਫ਼ਾਇਆ ਕਰਨਾ ਹਿੰਦੂ ਰਾਸ਼ਟਰ ਦਾ ਨਿਸ਼ਾਨਾ ਹੈ। ਮੁਸਲਮਾਨਾਂ, ਸਿੱਖਾਂ, ਈਸਾਈਆਂ ਅਤੇ ਦਲਿਤਾਂ ਨੂੰ ਡਰਾ-ਧਮਕਾ ਕੇ, ਭੈ-ਭੀਤ ਕਰਕੇ, ਲਾਲਚ ਦੇ ਚੋਗੇ ਪਾ ਕੇ ਅਤੇ ਇਹਨਾਂ ਦੇ ਲੀਡਰਾਂ ਨੂੰ ਖਰੀਦ ਕੇ ਸਭ ਨੂੰ ਹੌਲੀ-ਹੌਲੀ ਹਿੰਦੂ ਬਣਾਇਆ ਜਾ ਰਿਹਾ ਹੈ। ਰਾਸ਼ਟਰੀਆ ਸਿੱਖ ਸੰਗਤ (ਆਰ.ਐਸ.ਐਸ.) ਰਾਹੀਂ ਗੁਰਦੁਆਰਿਆਂ ਨੂੰ ਮੰਦਰਾਂ ਵਿੱਚ ਬਦਲਿਆ ਜਾ ਰਿਹਾ ਹੈ। ਗਿਰਜੇ, ਮਸਜਿਦਾਂ ਤੇ ਗੁਰਦੁਆਰੇ ਢਾਹੇ ਜਾ ਰਹੇ ਹਨ। ਅੱਜ ਕੱਲ੍ਹ ਗਿਰਜੇ ਸਾੜੇ ਜਾ ਰਹੇ ਹਨ, ਈਸਾਈ ਪ੍ਰਚਾਰਕਾਂ, ਈਸਾਈ ਡਾਕਟਰਾਂ ਤੇ ਨਰਸਾਂ ਨੂੰ ਭੈ-ਭੀਤ ਕਰਕੇ ਭਾਰਤ ਵਿੱਚੋਂ ਭੱਜ ਜਾਣ ਲਈ ਮਜਬੂਰ ਕੀਤਾ ਜਾ ਰਿਹਾ ਹੈ। ਮਸੀਤਾਂ, ਗੁਰਦੁਆਰੇ ਤੇ ਗਿਰਜੇ ਢਾਹ ਕੇ ਉਹਨਾਂ ਨੂੰ ਮੰਦਰਾਂ ਵਿੱਚ ਬਦਲਿਆ ਜਾ ਰਿਹਾ ਹੈ। ਦਲਿਤ ਵਰਗ ਦੇ ਧਰਮ ਅਸਥਾਨ ਤੋੜੇ ਜਾ ਰਹੇ ਹਨ। ਵਾਰੋ ਵਾਰੀ ਸਭ ਘਟਗਿਣਤੀਆਂ ਨੂੰ ਤਬਾਹ ਕੀਤਾ ਜਾ ਰਿਹ ਹੈ। ਹਿੰਦੂ ਸਾਮਰਾਜ ਦੀਆਂ ਸਤਾਈਆਂ ਹੋਈਆਂ ਸਾਰੀਆਂ ਘਟਗਿਣਤੀਆਂ ਜੇ ਤਕਦੀਰਾਂ ਜੋੜ ਲੈਣ, ਤਾਂ ਇਹਨਾਂ ਸਭਨਾਂ ਦੀ

ਸ਼ਕਤੀ ਬਿਜਲੀ ਬਣਕੇ ਆਪਣੀ ਅਜ਼ਲੀ ਕੜਕ ਨਾਲ ਬ੍ਰਾਹਮਣਵਾਦ ਨੂੰ ਭਸਮ ਕਰਕੇ ਰੱਖ ਸ਼ਕਦੀ ਹੈ।

ਨਵੇਂ ਗੁਰਦੁਆਰੇ ਉਸਾਰਨ 'ਤੇ ਰੋਕਾਂ ਲੱਗ ਚੁੱਕੀਆਂ ਹਨ। ਰਾਜਿਸਥਾਨ ਵਿੱਚ ਅੰਮ੍ਰਿਤ ਛਕਣ ਵਾਲਿਆਂ ਦੇ ਨਾਂ ਸਰਕਾਰ ਨੂੰ ਦੇਣੇ ਪੈਂਦੇ ਹਨ। ਛੋਟੀ ਕ੍ਰਿਪਾਨ ਨਾਲ ਹੁਣ ਹਿੰਦੁਸਤਾਨ ਵਿੱਚ ਸਿੱਖ ਹਵਾਈ ਸਫ਼ਰ ਨਹੀਂ ਕਰ ਸਕਦੇ। ਆਰ.ਐਸ.ਐਸ.ਸਿੱਖ ਧਰਮ, ਸਿੱਖ ਸਭਿਆਚਾਰ ਅਤੇ ਸਿੱਖੀ ਦੀ ਨਵੇਕਲੀ ਹੋਂਦ ਦਾ ਕੀਰਤਨ ਸੋਹਿਲਾ ਪੜ੍ਹਕੇ ਇਸ ਨੂੰ ਭਾਰਤ ਵਿੱਚੋਂ ਖ਼ਤਮ ਕਰ ਦੇਣ ਵਿੱਚ ਜੁਟੀ ਹੋਈ ਹੈ। ਰਾਸ਼ਟਰੀਆ ਸਿੱਖ ਸੰਗਤ ਦੇ ਬੁਰਕੇ ਥਲੇ ਸਿੱਖੀ ਸਿਧਾਂਤਾਂ ਤੇ ਗੁਰਬਾਣੀ ਨੂੰ ਤੋੜ-ਮਰੋੜ ਕੇ ਪੇਸ਼ ਕਰ ਰਹੀ ਹੈ। ਗੁਰਦੁਆਰਿਆਂ ਅੰਦਰ ਰਾਮ ਕ੍ਰਿਸ਼ਨ ਦੀਆਂ ਮੂਰਤੀਆਂ ਟਿਕਾਈਆਂ ਜਾ ਰਹੀਆਂ ਹਨ। ਸਿੱਖਾਂ ਦੇ ਮਥਿਆਂ 'ਤੇ ਤਿਲਕ ਲਾਏ ਜਾ ਰਹੇ ਹਨ ਅਤੇ ਗਾਇਤਰੀ ਦੇ ਮੰਤਰ ਪੜ੍ਹਾਏ ਜਾ ਰਹੇ ਹਨ।ਬ੍ਰਾਹਮਣਵਾਦ ਵਲੋਂ ਫ਼ਾਸ਼ੀ ਗੁੰਡਿਆਂ ਦੀਆਂ ਲਗਾਮਾਂ ਖੋਲ੍ਹ ਦਿੱਤੀਆਂ ਗਈਆਂ ਹਨ। ਪੁਲਸ ਤੇ ਫ਼ੌਜ ਨੂੰ ਵਿਸ਼ੇਸ਼ ਹਦਾਇਤਾਂ ਮਿਲ ਚੁੱਕੀਆਂ ਹਨ ਕਿ ਦਲਿਤਾਂ ਤੇ ਘਟ ਗਿਣਤੀਆਂ 'ਤੇ ਹੋਣ ਜਾ ਰਹੇ ਹਮਲਿਆਂ 'ਤੇ ਕੋਈ ਕਾਰਵਾਈ ਨਾ ਕੀਤੀ ਜਾਏ। ਸਿੱਖ ਲੀਡਰ ਆਰ.ਐਸ.ਐਸ.ਦੇ ਮਾਰੂ ਵਾਰ ਨੂੰ ਰੋਕਣ ਲਈ ਕੋਈ ਉਪਰਾਲੇ ਕਰਨ ਦੀ ਥਾਂ ਹਮੇਸ਼ਾਂ ਵਾਂਗ ਡੰਗ-ਟਪਾਊ ਬਿਆਨ ਹੀ ਦਾਗ ਰਹੇ ਹਨ। ਕੀ ਅਜਿਹੇ ਹਾਲਾਤ ਵਿੱਚ ਦਸ਼ਮੇਸ਼ ਪਿਤਾ ਦੀ ਸਿੱਖੀ ਦੀ ਜੜ੍ਹ ਕਾਇਮ ਰਹਿ ਸਕੇਗੀ?

ਬ੍ਰਾਹਮਣਵਾਦ ਨਾਜ਼ੀ ਹਿਟਲਰ ਨਾਲੋਂ ਵੀ ਜ਼ਿਆਦਾ ਖ਼ਤਰਨਾਕ ਹੈ। ਇਸ ਦੀ ਚਾਣਕੀਆ ਨੀਤੀ ਨਾਜ਼ੀ ਹਿਟਲਰ ਦੀ ਨੀਤੀ ਨਾਲੋਂ ਇੱਕ ਕਦਮ ਅਗਾਂਹ ਨੂੰ ਜਾਂਦੀ ਹੈ। ਹਿਟਲਰ ਜਿੱਥੇ ਦੂਜੀਆਂ ਕੌਮਾਂ ਨੂੰ ਗ਼ੁਲਾਮ ਬਣਾ ਕੇ ਉਹਨਾਂ ਨੂੰ ਦੂਜੇ ਦਰਜੇ ਦਾ ਸ਼ਹਿਰੀ ਬਣਾਈ ਰਖੱਣਾ ਚਾਹੁੰਦਾ ਸੀ, ਉਥੇ ਬ੍ਰਾਹਮਣਵਾਦ ਗ਼ੁਲਾਮ ਬਣਾ ਕੇ, ਨਾ ਕੇਵਲ ਚੌਥੇ ਦਰਜੇ ਦਾ ਸ਼ਹਿਰੀ ਬਣਾਈ ਰੱਖਣਾ ਚਾਹੁੰਦਾ ਹੈ, ਸਗੋਂ ਆਪਣੀਆਂ ਗ਼ੁਲਾਮ ਕੌਮਾਂ ਦਾ ਧਰਮ ਵੀ ਬਦਲ ਦੇਣਾ ਚਾਹੁੰਦਾ ਹੈ, ਤਾਂ ਜੋ ਉਹ ਚੌਥੇ ਦਰਜੇ ਦੇ ਸ਼ਹਿਰੀ (ਸ਼ੂਦਰ) ਬਣ ਕੇ ਇਸ ਦੀ ਸੇਵਾ ਕਰਨੀ ਆਪਣਾ ਧਰਮ ਸਮਝਣ ਅਤੇ ਇਸ ਦਾ ਬਚਿਆ-ਖੁਚਿਆ ਖਾ ਕੇ ਦਿਲੋਂ ਇਸ ਦੀ ਚਾਕਰੀ ਕਰਨ। ਇਸੇ ਆਸ਼ੇ ਅਧੀਨ ਬ੍ਰਾਹਮਣਵਾਦ ਸਿੱਖਾਂ ਦਾ ਧਰਮ ਵੀ ਬਦਲਣਾ ਚਾਹੁੰਦਾ ਹੈ ਅਤੇ ਗ਼ੁਲਾਮ ਵੀ ਬਣਾਈ ਰੱਖਣਾ ਚਾਹੁੰਦਾ ਹੈ, ਤਾਂ ਜੋ ਗ਼ੁਲਾਮ ਸਿੱਖ ਆਪਣੇ ਮਾਲਕਾਂ ਲਈ ਜ਼ਮੀਨਾਂ ਵਾਹੁੰਦੇ ਰਹਿਣ, ਅਨਾਜ ਪੈਦਾ ਕਰਦੇ ਰਹਿਣ, ਆਪਣੇ ਹੱਡ ਭੰਨਦੇ ਰਹਿਣ, ਲਾਲਿਆਂ ਦਾ ਭਾਰ ਢੋਂਹਦੇ ਰਹਿਣ, ਸਰਹੱਦਾਂ ਦੀ ਰਾਖੀ ਕਰਦੇ ਰਹਿਣ, ਹਮੇਸ਼ਾ ਕਰਜ਼ਾਈ ਬਣੇ ਰਹਿਣ ਅਤੇ ਬਾਣੀਏ ਦੀ ਮੁਨਾਫ਼ੇ ਦੀ ਚੱਕੀ ਦੇ ਗਾਲੇ ਬਣੇ ਰਹਿਣ। ਇਸ ਆਸ਼ੇ ਦੀ ਪੂਰਤੀ ਲਈ ਆਰ. ਐਸ.ਐਸ. ਨੇ ਸਿੱਖੀ ਨੂੰ ਹਿੰਦੂ ਮਹਾਂਸਾਗਰ ਵਿੱਚ ਗ਼ਰਕ ਕਰ ਦੇਣ ਦਾ ਬਿਗਲ ਵਜਾ ਦਿੱਤਾ ਹੈ।

ਰੱਬ ਨਾ ਕਰੇ ਜੇ ਚੁਰਾਸੀ ਦੇ ਘਲੂਘਾਰੇ ਵਾਂਗ ਅੱਜ ਆਰ.ਐਸ.ਐਸ.ਦੀਆਂ ਫ਼ਾਸ਼ੀ ਹਥਿਆਰਬੰਦ ਧਾੜਾਂ ਸਿੱਖਾਂ ਦੇ ਘਰਾਂ 'ਤੇ ਚੜ੍ਹ ਆਉਣ, ਤਾਂ ਕੀ ਸਿੱਖ ਕ੍ਰਿਪਾਨ ਚਲਾਕੇ ਜਾਂ ਹੋਰ ਕਿਸੇ ਯੋਗ ਹਥਿਆਰ ਨਾਲ ਉਹਨਾਂ ਦਾ ਮੁਕਾਬਲਾ ਕਰ ਸਕਣਗੇ ? ਸਿੱਖ ਆਪਣੇ ਬਚਾਓ ਲਈ ਤਿਆਰ ਹੋਣ ਜਾਂ ਨਾ ਹੋਣ, ਆਰ ਐਸ ਐਸ ਤੇ ਬਜਰੰਗ ਬਲੀ ਵਰਗੀਆਂ ਫ਼ਾਸ਼ੀ ਸੰਸਥਾਵਾਂ ਸਿੱਖਾਂ ਤੇ ਮੁਸਲਮਾਨਾਂ ਦਾ ਸਫ਼ਾਇਆ ਕਰਨ ਲਈ ਟਰੇਨਿੰਗ ਲੈ ਰਹੀਆਂ ਹਨ। ਜਿਸ ਹਿੰਦੂ ਬਹੁ-ਗਿਣਤੀ ਕੋਲ 20 ਲੱਖ ਤੋਂ ਵੱਧ ਫ਼ੌਜ ਤੇ ਪੁਲਸ ਹੈ, ਜਿਸ ਕੌਮ ਕੋਲ ਸਾਰੇ ਹਿੰਦੁਸਤਾਨ ਦਾ ਰਾਜਭਾਗ ਹੈ, ਜਿਸ ਕੌਮ ਦੇ ਹੱਥ ਵਿੱਚ ਸਾਰੇ ਮੁਲਕ ਦੀ ਵਾਗਡੋਰ ਹੈ, ਜਿਸ ਕੌਮ ਦੇ ਹੱਥ ਵਿੱਚ ਸਾਰਾ ਕਾਨੂੰਨ ਹੈ, ਉਹ ਬਹੁਗਿਣਤੀ ਵਾਲੀ ਕੌਮ ਤਾਂ ਆਰ.ਐਸ.ਐਸ.ਅਤੇ ਬਜਰੰਗ ਬਲੀ ਵਰਗੀਆਂ ਫ਼ਾਸ਼ੀ ਸੰਸਥਾਵਾਂ ਨੂੰ ਹਥਿਆਰਬੰਦ ਕਰ ਰਹੀ ਹੈ, ਉਹਨਾਂ ਨੂੰ ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚ ਟਰੇਨਿੰਗ ਦੇਕੇ ਰੋਜ਼ ਕਸਰਤਾਂ ਕਰਾਈਆਂ ਜਾ ਰਹੀਆਂ ਹਨ ਅਤੇ ਵਿਗਿਆਨਕ ਹਥਿਆਰਾਂ ਦੀ ਟਰੇਨਿੰਗ ਦਿੱਤੀ ਜਾ ਰਹੀ ਹੈ। ਹਜ਼ਾਰਾਂ ਦੀ ਗਿਣਤੀ ਵਿੱਚ ਟਰੇਨਿੰਗ ਲੈ ਚੁੱਕੇ ਹਨ।

ਹਿੰਦੂਤਵੀਏ ਹੁਣ ਪੰਜਾਬ ਵਿੱਚ ਤਰਥੱਲੀ ਮਚਾਉਣ ਵਾਲੇ ਹਨ। ਖ਼ੁਫ਼ੀਆਂ ਰਿਪੋਰਟਾਂ ਅਨੁਸਾਰ ਇਹ ਫ਼ਾਸ਼ੀ ਹਰਿਮੰਦਰ ਸਾਹਿਬ ਦੀ ਇੱਟ ਨਾਲ ਇੱਟ ਖੜਕਾਉਣ ਦੀਆਂ ਤਿਆਰੀਆਂ ਕਰ ਰਹੇ ਹਨ। ਬਜਰੰਗ ਬਲੀ, ਸ਼ਿਵ ਸੈਨਾ ਅਤੇ ਆਰ.ਐਸ.ਐਸ.ਦੇ ਦਫ਼ਤਰਾਂ ਵਿੱਚ ਘਟਗਿਣਤੀਆਂ ਨੂੰ ਤਬਾਹ ਕਰਨ ਲਈ ਬੰਬ ਬਣਨੇ ਸ਼ੁਰੂ ਹੋ ਗਏ ਜਾਪਦੇ ਹਨ। ਇਸ ਸਾਲ ਦੇ ਸਤੰਬਰ ਦੇ ਅਖ਼ੀਰਲੇ ਹਫ਼ਤੇ ਅੰਮ੍ਰਿਤਸਰ ਦੇ ਸ਼ਿਵਾਲਾ ਮੰਦਰ ਨੇੜੇ ਸ਼ਿਵ ਸੈਨਾ ਤੇ ਬਜਰੰਗ ਬਲੀ ਦੇ ਦਫ਼ਤਰ ਵਿੱਚ ਹੋਇਆ ਜ਼ੋਰਦਾਰ ਧਮਾਕਾ ਇਸ ਗੱਲ ਦੀ ਪੁਸ਼ਟੀ ਕਰਦਾ ਹੈ। ਸਾਡੇ ਲੀਡਰਾਂ ਜਾਂ ਵਿਦਵਾਨ ਵਰਗ ਨੇ ਕਦੀ ਸੋਚਿਆ ਹੈ ਕਿ ਬਹੁਗਿਣਤੀ ਕੌਮ ਨੂੰ ਕਿਸ ਕੋਲੋਂ ਖ਼ਤਰਾ ਹੈ? ਇਹ ਸਭ ਕੁਝ ਕਿਉਂ ਹੋ ਰਿਹਾ ਹੈ? ਸਾਡੀ ਕੌਮ ਘੂਕ ਸੁਤੀ ਪਈ ਹੈ। ਨਵੰਬਰ ਚੁਰਾਸੀ ਦਾ ਘਲੂਘਾਰਾ ਭੁਲਾਈ ਬੈਠੀ ਹੈ। ਆਉਣ ਵਾਲਾ ਘਲੂਘਾਰਾ ਚੁਰਾਸੀ ਦੇ ਘਲੂਘਾਰੇ ਨਾਲੋਂ ਜ਼ਿਆਦਾ ਭਿਆਨਕ ਹੋਵੇਗਾ। ਕਿਉਂਕਿ ਉਸ ਲਈ ਹੁਣ ਤੋਂ ਫ਼ਾਸ਼ੀ ਸੰਸਥਾਵਾਂ ਨੂੰ ਬਾਕਾਇਦਾ ਟਰੇਨਿੰਗ ਦਿੱਤੀ ਜਾ ਰਹੀ ਹੈ। ਨਵੰਬਰ ਚੁਰਾਸੀ ਵਿੱਚ ਤਾਂ ਕਾਂਗਰਸ ਨੇ ਹਰ ਸ਼ਹਿਰ ਵਿੱਚ ਕੁਝ ਗ਼ੁੰਡੇ ਹੀ ਤਿਆਰ ਕੀਤੇ ਹੋਏ ਸਨ ਸਿੱਖ ਨਸਲਕੁਸ਼ੀ ਲਈ। ਮਦਹੋਸ਼ ਸਿੱਖ ਕੌਮ ਨੂੰ ਆਪਣੇ ਬਚਾਓ ਦਾ ਕੋਈ ਫ਼ਿਕਰ ਨਹੀਂ। ਸਾਹਮਣੇ ਦੀਵਾਰ 'ਤੇ ਲਿਖੇ ਆਪਣੇ ਮੌਤ ਦੇ ਵਾਰੰਟਾਂ ਨੂੰ ਪੜ੍ਹਕੇ ਕੁਝ ਕਰਨ ਦੀ ਫ਼ੌਰੀ ਲੋੜ ਹੈ। ਹਰ ਸਿੱਖ ਮਰਦ, ਇਸਤਰੀ ਤੇ ਬੱਚੇ ਨੂੰ ਸ਼ਸਤਰ-ਬੰਧ ਹੋਣ ਦੀ ਫ਼ੌਰੀ ਲੋੜ ਹੈ। ਬਿਆਨ ਦਾਗਣ ਨਾਲ ਕੁਝ ਨਹੀਂ ਸੰਵਰਨਾ। ਕੌਮ ਦਾ ਅਦਨਾ ਜਿਹਾ ਲਿਖਾਰੀ ਹੋਣ ਦੇ ਨਾਤੇ ਆਪਣਾ ਫ਼ਰਜ਼ ਨਿਭਾਉਣ ਦਾ ਇਹ ਨਿਮਾਣਾ ਜਿਹਾ ਯਤਨ ਕੀਤਾ ਹੈ।

ਪੰਜਾਬ ਦੀ ਛੋ-ਫ਼ੁੱਟੀ ਜਵਾਨੀ ਦਾ ਚੁਣ-ਚੁਣ ਕੇ ਘਾਣ ਕਰਨ ਮਗਰੋਂ ਆਰ.ਐਸ.ਐਸ.ਦੀ ਹਾਕਮ ਜਮਾਤ ਵਲੋਂ ਗਿਠ-ਮੁੱਠੀਏ ਭਈਏ ਤੇ ਬਿਹਾਰੀ ਪੰਜਾਬ ਵਿੱਚ ਵਸਾਏ ਜਾ ਰਹੇ ਹਨ। ਇੱਕਲੇ ਚੰਡੀਗੜ੍ਹ ਵਿੱਚ ਡੇਢ ਲੱਖ ਤੋਂ ਵੱਧ ਭਈਏ ਵਸਾਏ ਜਾ ਚੁੱਕੇ ਹਨ। ਪੰਜਾਬੀਅਤ ਨੂੰ ਭਈਅਤ ਵਿੱਚ ਬਦਲਿਆ ਜਾ ਰਿਹਾ ਹੈ। ਭਈਆਂ ਦੀਆਂ ਦੁਕਾਨਾਂ,ਢਾਬੇ,ਹੋਟਲ ਤੇ ਟੈਕਸੀਆਂ ਵੱਧ ਰਹੇ ਹਨ। ਹਾਕਮ ਜਮਾਤ ਵਲੋਂ ਸਿੱਖ ਨਸਲ-ਕੁਸ਼ੀ ਦੇ ਬਾਕੀ ਰਹਿੰਦੇ ਪਲਾਨ ਨੂੰ ਸਿਰੇ ਚਾੜ੍ਹਨ ਲਈ ਪੁਲਸ ਦੀ ਥਾਂ ਹੁਣ ਉਹਨਾਂ ਨੂੰ ਵਰਤਿਆ ਜਾ ਰਿਹਾ ਹੈ। ਹਾਕਮ ਜਮਾਤ ਉਹਨਾਂ ਨਾਲ ਹੈ,ਪੁਲਸ ਉਹਨਾਂ ਨਾਲ ਹੈ ਅਤੇ ਸਰਕਾਰੀ ਮਸ਼ੀਨਰੀ ਉਹਨਾਂ ਨਾਲ ਹੈ। ਭਈਏ ਸਿੱਖਾਂ ਦੀਆਂ ਲੁੱਟਾਂ-ਖੋਹਾਂ ਕਰ ਰਹੇ ਹਨ,ਡਾਕੇ ਮਾਰ ਰਹੇ ਹਨ ਅਤੇ ਸਿੱਖਾਂ ਦੇ ਕਤਲ ਕਰ ਰਹੇ ਹਨ। ਸਰਕਾਰੀ ਨਸਲਕੁਸ਼ੀ ਤੋਂ ਬਚ ਗਏ ਜੱਟਾਂ ਦੇ ਮੁੰਡੇ ਜ਼ਮੀਨਾਂ ਵੇਚ ਕੇ ਵਿਦੇਸ਼ਾਂ ਨੂੰ ਭੱਜ ਰਹੇ ਹਨ। ਕਰਜ਼ਾਈ ਜੱਟ ਖ਼ੁਦਕੁਸ਼ੀਆਂ ਕਰ ਰਹੇ ਹਨ। ਪੰਜਾਬੀ ਸਿੱਖਾਂ ਲਈ ਇਰਦ-ਗਿਰਦ ਦੇ ਸੂਬਿਆਂ - ਰਾਜਿਸਥਾਨ,ਹਿਮਾਚਲ ਪ੍ਰਦੇਸ਼ ਅਤੇ ਜੰਮੂ-ਕਸ਼ਮੀਰ ਵਿੱਚ ਜ਼ਮੀਨਾਂ ਖਰੀਦਣ 'ਤੇ ਪਾਬੰਦੀ ਲਾਈ ਹੋਈ ਹੈ। ਖ਼ਾਲਸਾ ਸਟੇਟ ਦੀ ਥਾਂ ਹੁਣ ਭਈਅਤ ਸਟੇਟ ਬਣਨੀ ਹੈ। ਪੰਜਾਬ ਵਿੱਚੋਂ ਖ਼ਾਲਸੇ ਦੀ ਹੋਂਦ ਖ਼ਤਮ ਕਰ ਦੇਣ ਦੇ ਪਲਾਨ ਸਿਰੇ ਚਾੜ੍ਹੇ ਜਾ ਰਹੇ ਹਨ। ਘੂਕ ਸੁੱਤੇ ਪਏ ਸਿੰਘੋ ਜਾਗਣ ਦੀ ਲੋੜ ਹੈ। ਖ਼ੁਫ਼ੀਆ ਪੁਲਸ,ਪੁਲਸ ਅਤੇ ਸੁਰੱਖਿਆ ਦਾ ਕੰਮ ਹੁਣ ਸਿੱਧਾ ਆਰ.ਐਸ.ਐਸ,ਬਜਰੰਗ ਦਲ ਅਤੇ ਸ਼ਿਵ ਸੈਨਾ ਨੂੰ ਦਿੱਤਾ ਜਾਣ ਵਾਲਾ ਹੈ।

ਅੱਜ ਹਰ ਸਿੱਖ ਦਾ ਨਾਅਰਾ ਹੋਣਾ ਚਾਹੀਦਾ ਹੈ ਕਿ ਗ਼ੁਲਾਮੀ ਨਹੀਂ ਕਬੂਲਣੀ,ਈਨ ਨਹੀਂ ਮੰਨਣੀ,ਸਿੱਖੀ ਨਹੀਂ ਛੱਡਣੀ। ਖ਼ਾਲਿਸਤਾਨ ਅਜ਼ਾਦ ਕਰਾ ਕੇ ਸਾਹ ਲੈਣਾ ਹੈ। ਅੱਜ ਹਰ ਸਿੱਖ ਨੂੰ ਇਹ ਪ੍ਰਣ ਕਰਨ ਦੀ ਲੋੜ ਹੈ ਕਿ ਗ਼ੁਲਾਮੀ ਦਾ ਤੌਕ ਗਲੋਂ ਲਾਹੁਣਾ ਹੈ। ਅੱਜ ਹਰ ਸਿੱਖ ਦਾ ਫ਼ਰਜ਼ ਬਣਦਾ ਹੈ ਕਿ ਹਿੰਦੂ ਸਾਮਰਾਜ ਨੂੰ ਪੂਰੇ ਜ਼ੋਰ ਨਾਲ ਪੁਕਾਰ ਕੇ ਹਿੰਦੂ ਸਾਮਰਾਜ ਨੂੰ ਸਾਫ਼ ਸ਼ਬਦਾਂ ਵਿੱਚ ਦੱਸ ਦੇਵੇ ਕਿ ਪੰਜਾਬ ਸਾਡਾ ਘਰ ਹੈ ਅਤੇ ਸਾਡੇ ਘਰ ਵਿੱਚੋਂ ਆਪਣਾ ਬੋਰੀਆ ਬਿਸਤਰਾ ਗੋਲ ਲੈਕੇ ਆਪਣੇ ਘਰ ਜਾਏ। ਅੱਜ ਹਰ ਸਿੱਖ ਨੂੰ ਹਰ ਬੇਇਨਸਾਫ਼ੀ,ਹਰ ਜ਼ੁਲਮ,ਹਰ ਗ਼ਲਤ ਕੰਮ ਵਿਰੁਧ ਇੱਕਠੇ ਹੋਕੇ ਡਟ ਜਾਣ ਦੀ ਲੋੜ ਹੈ। ਅੱਜ ਹਰ ਸਿੱਖ ਨੂੰ 'ਪਰ ਅਧੀਨ ਸੁਪਨੇ ਸੁਖ ਨਾਹੀਂ' ਦੇ ਸੰਦੇਸ਼ ਨੂੰ ਹਰ ਵੇਲੇ ਚੇਤੇ ਰੱਖਣ ਦੀ ਲੋੜ ਹੈ ਅਤੇ ਆਪਣੇ ਘਰ ਨੂੰ ਗ਼ੈਰਾਂ ਦੀ ਹਕੂਮਤ ਤੋਂ ਅਜ਼ਾਦ ਕਰਾਉਣ ਲਈ ਦ੍ਰਿੜ-ਚਿਤ ਹੋਣ ਦੀ ਲੋੜ ਹੈ। ਦ੍ਰਿੜ ਇਰਾਦੇ ਵਾਲੀਆਂ ਕੌਮਾਂ ਕਦੀ ਜਦੋਜਹਿਦ ਬੰਦ ਨਹੀਂ ਕਰਦੀਆਂ। ਸਿੱਖ ਕੌਮ ਨੂੰ ਇਸ ਗੱਲ ਉਤੇ ਮਾਣ ਹੈ ਕਿ ਇਸ ਨੇ ਆਪਣੀ ਤੇ ਦੂਜਿਆਂ ਦੀ ਅਜ਼ਾਦੀ ਲਈ ਮੁਗ਼ਲਾਂ ਨਾਲ ਵੀ ਲੋਹਾ ਲਿਆ ਅਤੇ ਅੰਗਰੇਜ਼ਾਂ ਨਾਲ ਵੀ। ਅੱਜ ਉਸੇ ਲੋਹੇ ਦੀ ਖੜਕਾਰ ਹਿੰਦੂ ਸਾਮਰਾਜ ਨਾਲ ਚੱਲ ਰਹੀ ਹੈ।

ਜਾਗੋ, ਬਹਾਦਰ ਸਿੰਘੋ ! ਅਜ਼ਾਦ ਕਰਾਓ ਆਪਣੇ ਗੁਰਾਂ ਦੀ ਧਰਤੀ ਨੂੰ;ਅਜ਼ਾਦ ਕਰਾਓ ਆਪਣੇ ਅਕਾਲ ਤਖ਼ਤ ਤੇ ਸ਼੍ਰ.ਗੁ.ਪ੍ਰ.ਕਮੇਟੀ ਨੂੰ;ਬਚਾਓ ਆਪਣੇ ਸਧੇਸ ਯੁਗ ਦੇ ਧਰਮ ਨੂੰ; ਬਚਾਓ ਆਪਣੀ ਬੋਲੀ ਨੂੰ;ਬਚਾਓ ਆਪਣੇ **ਸਭਿਆਚਾਰ** ਨੂੰ;ਬਚਾਓ ਆਪਣੀ ਨਿਆਰੀ ਹੋਂਦ ਨੂੰ;ਬਚਾਓ ਆਪਣੇ ਕੌਮੀ ਖ਼ਾਲਸਈ ਕਿਰਦਾਰ ਨੂੰ;ਬਚਾਓ ਆਪਣੇ ਕੌਮੀ ਵਿਰਸੇ ਨੂੰ;ਬਚਾਓ ਆਪਣੀ ਕੌਮੀ ਅਣਖ ਨੂੰ;ਬਚਾਓ ਆਪਣੇ ਦਸ਼ਮੇਸ਼ ਪਿਤਾ ਦੀ ਬਖ਼ਸ਼ੀ ਦਸਤਾਰ ਨੂੰ; ਬਚਾਓ ਧੀਆਂ ਭੈਣਾਂ ਦੀ ਪਤ ਨੂੰ;ਸੁਣੋਂ ਪੁੱਤਰ ਕੁਹਾ ਚੁੱਕੀਆਂ ਮਾਵਾਂ ਦੇ ਕੀਰਨਿਆਂ ਨੂੰ;ਸੁਣੋਂ ਵੀਰ ਗੁਆ ਚੁੱਕੀਆਂ ਭੈਣਾਂ ਦੇ ਕੀਰਨਿਆਂ ਨੂੰ;ਸੁਣੋਂ ਯਤੀਮ ਸਿੱਖ ਬੱਚਿਆਂ ਦੀਆਂ ਆਹਾਂ ਨੂੰ ਅਤੇ ਬਚਾਓ ਆਪਣੇ ਸੋਹਣੇ ਪੰਜਾਬ ਨੂੰ ਕਾਤਲਾਂ ਅਤੇ ਲੁਟੇਰਿਆਂ ਤੋਂ।

ਦੁਨੀਆ ਦੀ ਕੋਈ ਅਜਿਹੀ ਉਲਝਣ ਨਹੀਂ,ਜਿਹੜੀ ਸੁਲਝਾਈ ਨਹੀਂ ਜਾ ਸਕਦੀ। ਕੋਈ ਅਜਿਹੀ ਮੁਸ਼ਕਲ ਨਹੀਂ,ਜਿਹੜੀ ਦੂਰ ਨਹੀਂ ਕੀਤੀ ਜਾ ਸਕਦੀ। ਕੋਈ ਅਜਿਹੀ ਮੰਜ਼ਲ ਨਹੀਂ,ਜਿਹੜੀ ਅਪਹੁੰਚ ਹੋਵੇ। ਕੋਈ ਵੱਡੀ ਤੋਂ ਵੱਡੀ ਅਜਿਹੀ ਖਾਈ ਨਹੀਂ,ਜਿਹੜੀ ਟਪੀ ਨਾ ਜਾ ਸਕੇ। ਕੋਈ ਅਜਿਹੀ ਘਾਟ ਨਹੀਂ,ਜਿਹੜੀ ਪੂਰੀ ਨਾ ਕੀਤੀ ਜਾ ਸਕਦੀ ਹੋਵੇ। ਕੋਈ ਅਜਿਹੀ ਕਮਜ਼ੋਰੀ ਨਹੀਂ,ਜਿਹੜੀ ਦੂਰ ਨਹੀਂ ਕੀਤੀ ਜਾ ਸਕਦੀ। ਕੋਈ ਅਜਿਹਾ ਨਿਸ਼ਾਨਾ ਨਹੀਂ,ਜਿਹੜਾ ਫੁੰਡਿਆ ਨਹੀਂ ਜਾ ਸਕਦਾ। ਕੋਈ ਅਜਿਹੀ ਹਾਰ ਨਹੀਂ,ਜਿਹੜੀ ਜਿੱਤ ਵਿੱਚ ਨਹੀਂ ਬਦਲੀ ਜਾ ਸਕਦੀ। ਕੋਈ ਔਖੇ ਤੋਂ ਔਖਾ ਅਜਿਹਾ ਕੰਮ ਨਹੀਂ,ਜਿਹੜਾ ਨੇਪਰੇ ਨਹੀਂ ਚਾੜ੍ਹਿਆ ਜਾ ਸਕਦਾ। ਕੋਈ ਅਜਿਹੀ ਪ੍ਰੀਖਿਆ ਨਹੀਂ,ਜਿਸ ਵਿੱਚ ਸਫਲਤਾ ਪ੍ਰਾਪਤ ਨਹੀਂ ਕੀਤੀ ਜਾ ਸਕਦੀ। ਕੋਈ ਅਜਿਹੀ ਸ਼ਕਤੀ ਨਹੀਂ,ਜਿਹੜੀ ਪੈਦਾ ਨਹੀਂ ਕੀਤੀ ਜਾ ਸਕਦੀ।

ਅਜੋਕੇ ਨਾਜ਼ਕ ਹਾਲਾਤ ਵਿੱਚ ਸਿੱਖ ਕੌਮ ਸਾਹਮਣੇ ਦੋ ਹੀ ਰਾਹ ਹਨ। ਦੋਹਾਂ ਵਿੱਚੋਂ ਇਕ ਦੀ ਚੋਣ ਕਰਨੀ ਪੈਣੀ ਹੈ। ਹੋਰ ਕੋਈ ਰਾਹ ਹੁਣ ਬਾਕੀ ਰਹਿ ਹੀ ਨਹੀਂ ਗਿਆ। ਇਹ ਹੈ ਜ਼ਿੰਦਗੀ ਤੇ ਮੌਤ ਦੇ ਫ਼ੈਸਲੇ ਦੀ ਘੜੀ। ਸਿੱਖਾਂ ਨੇ ਆਪਣੀ ਅਜ਼ਾਦ ਹਸਤੀ ਕਾਇਮ ਰੱਖਣੀ ਹੈ ਜਾਂ ਇਸ ਨੂੰ ਬ੍ਰਾਹਮਣਵਾਦ ਵਿੱਚ ਮਿਟ ਜਾਣ ਦੇਣਾ ਹੈ? ਅਜ਼ਾਦ ਹੋਕੇ ਜੀਣਾ ਹੈ ਜਾਂ ਗ਼ੁਲਾਮ ਬਣਕੇ? ਅਕਾਲ ਤਖ਼ਤ ਸਾਹਿਬ ਦੇ ਹੁਕਮ ਨਾਲ ਚਲਣਾ ਹੈ ਜਾਂ ਦਿੱਲੀ ਦੇ ਤਖ਼ਤ ਦੇ ਹੁਕਮ ਨਾਲ? ਸੱਚ ਦਾ ਰਾਹੀ ਬਣਨਾ ਹੈ ਜਾਂ ਝੂਠ ਤੇ ਫ਼ਰੇਬ ਦਾ? ਸਿੱਖ ਕੌਮ ਨਾਲ ਜੁੜਨਾ ਹੈ ਜਾਂ ਸਿੱਖ ਕੌਮ ਦੇ ਕਾਤਲਾਂ ਨਾਲ? 'ਮੂੰਹ ਵਿੱਚ ਰਾਮ ਰਾਮ ਤੇ ਬਗਲ ਵਿੱਚ ਛੁਰੀ' ਵਾਲੇ ਕਸਾਈਆਂ ਦਾ ਸਾਥ ਦੇਣਾ ਹੈ ਜਾਂ ਸਚਿਆਰੇ ਸਿੱਖਾਂ ਦਾ? ਅਕਾਲ ਤਖ਼ਤ ਦੇ ਸਿਧਾਂਤ ਨਾਲ ਜੁੜਨਾ ਹੈ ਕਿ ਦਿੱਲੀ ਦੇ ਵਿਧਾਨ ਨਾਲ ਜਿਸ ਵਿੱਚ ਸਿੱਖ ਦਾ ਨਾਂ ਹੀ ਨਹੀਂ ਹੈ? ਤਲਾਸ਼ੀਆਂ ਲੈਣ ਵਾਲਿਆਂ ਦਾ ਸਾਥ ਦੇਣਾ ਹੈ ਜਾਂ ਸਿੱਖ ਕੌਮ ਦੇ ਰਖਵਾਲਿਆਂ ਦਾ? ਸਿੱਖ ਮਰਯਾਦਾ ਨਾਲ ਰਹਿਣਾ ਹੈ ਜਾਂ ਹਿੰਦੂ ਰੀਤੀਆਂ ਦੇ ਭਰਮਜਾਲ ਨਾਲ? ਕਿਰਪਾਨ ਪਾਕੇ ਜੀਣਾ ਹੈ ਜਾਂ ਜੰਞੂ ਤੇ

ਤਿਲਕ ਲਾਕੇ? ਅਣਖ ਤੇ ਗ਼ੈਰਤ ਨਾਲ ਜੀਣਾ ਹੈ ਕਿ ਬ੍ਰਾਹਮਣਵਾਦ ਦੇ ਦੁਬੇਲ ਬਣਕੇ?

ਜੇ ਅਜ਼ਾਦੀ ਦਾ ਰਾਹ ਚੁਣਨਾ ਹੈ ਤਾਂ ਉਸ ਦਾ ਮੁਲ ਤਾਰਨਾ ਪਏਗਾ। ਆਪਣੇ ਅੰਦਰ ਸ਼ਕਤੀ ਪੈਦਾ ਕਰਨੀ ਪਏਗੀ ਅਤੇ ਜਦੋਜਹਿਦ ਕਰਨੀ ਪਏਗੀ। ਇਤਿਹਾਸ ਗਵਾਹ ਹੈ ਕਿ ਸੰਸਾਰ ਦੇ ਕਿਸੇ ਵੀ ਮੁਲਕ ਜਾਂ ਕੌਮ ਨੇ ਜਦੋਜਹਿਦ ਕੀਤੇ ਬਿਨਾਂ ਅਜ਼ਾਦੀ ਪ੍ਰਾਪਤ ਨਹੀਂ ਕੀਤੀ। ਰੋਏ ਬਿਨਾਂ ਤਾਂ ਮਾਂ ਵੀ ਆਪਣੇ ਬੱਚੇ ਨੂੰ ਦੁਧ ਨਹੀਂ ਦਿੰਦੀ -ਕੋਈ ਕਿਸੀ ਕਉ ਰਾਜ ਨਾ ਦੇ ਹੈ

ਜੋ ਲੈ ਹੈ ਨਿਜ ਬਲ ਸੇ ਲੈ ਹੈ

ਜਿਹੜਾ ਆਗੂ ਸਿਖ ਪੀੜਾ ਨੂੰ ਸਮਝਦਾ ਹੈ,ਸਿਖ ਕਾਜ਼ ਦਾ ਸਮਰਥਕ ਹੈ,ਦਿਲ ਅੰਦਰ ਕੌਮੀ ਦਰਦ ਹੈ,ਉਹ ਹੀ ਕੁਰਸੀ ਦਾ ਮੋਹ ਤਿਆਗ ਕੇ ਕੌਮ ਦੀ ਪੀੜਾ ਦੀ ਅਵਾਜ਼ ਉਚੀ ਕਰ ਸਕਦਾ ਹੈ। ਅੱਜ ਸਿਖ ਕੌਮ ਕੋਲ ਸਭ ਕੁਝ ਹੈ,ਜੇ ਲੋੜ ਹੈ ਤਾਂ ਕਿਸੇ ਨਸ਼ਕਾਮ ਆਗੂ ਦੀ। ਸਿੱਖ ਕੌਮ ਨੂੰ ਸਿਦਕਵਾਨ,ਤਿਆਗਵਾਨ ਅਤੇ ਸੂਝਵਾਨ ਆਗੂ ਹੀ ਅਜ਼ਾਦ ਕਰਾ ਸਕਦੇ ਹਨ। ਦੁਖ ਤਾਂ ਇਸ ਗੱਲ ਦਾ ਹੈ ਕਿ ਜਿਹੜਾ ਵੀ ਕੌਮੀ ਲੀਡਰ ਕੌਮ ਦੀ ਅਵਾਜ਼ ਉਚੀ ਕਰਦਾ ਹੈ,ਚਾਣਕੀਆ ਨੀਤੀ ਉਸੇ ਨੂੰ ਚੋਗਾ ਪਾਕੇ ਖ਼ਰੀਦ ਲੈਂਦੀ ਰਹੀ ਹੈ,ਜਾਂ ਆਪਣੇ ਗ਼ਦਾਰਾਂ ਰਾਹੀ ਉਸ ਨੂੰ ਚੁੱਪ ਕਰਾ ਦਿੱਤਾ ਜਾਂਦਾ ਰਿਹਾ ਹੈ। ਅੱਜ ਸਿੱਖ ਕੌਮ ਨੂੰ ਦਿਆਨਤਦਾਰ,ਸੂਝਵਾਨ ਅਤੇ ਸਿੱਖ ਹਿਤਾਂ ਦੀ ਰਾਖੀ ਕਰਨ ਵਾਲੇ ਆਗੂਆਂ ਦੀ ਲੋੜ ਹੈ।

ਅਜ ਦੁਨੀਆ ਅੰਦਰ ਹਰ ਥਾਂ ਮਨੁੱਖ ਦਾ ਸਿਰ ਉਚਾ ਹੋ ਰਿਹਾ ਹੈ। ਕੋਈ ਹੋਰ ਸਾਡੀ ਮਦਦ ਤਾਂ ਹੀ ਕਰ ਸਕਦਾ ਹੈ ਜੇ ਅਸੀਂ ਆਪ ਉਸ ਲਈ ਤਿਆਰ ਹੋਈਏ,ਆਉਣ ਵਾਲੇ ਖ਼ਤਰਿਆਂ ਤੋਂ ਸੁਚੇਤ ਹੋਈਏ ਅਤੇ ਆਪਣੀ ਅਜ਼ਾਦੀ ਲਈ ਦ੍ਰਿੜ-ਚਿਤ ਹੋਈਏ। ਆਪਣਾ ਬਚਾਓ ਕਰਨ ਲਈ ਤਾਂ ਅਕਾਲ ਪੁਰਖ ਨੇ ਹਰ ਜੀਵ ਜੰਤੂ ਨੂੰ ਸਣੇ ਮਨੁੱਖ ਨੂੰ ਸੋਝੀ ਦੇ ਰੱਖੀ ਹੈ। ਮੁਸਲਮਾਨ ਪਾਕਿਸਤਾਨ ਬਣਨ ਵੇਲੇ ਵੀ ਚੇਤੰਨ ਸਨ,ਅੱਜ ਵੀ ਚੇਤੰਨ ਹਨ ਅਤੇ ਆਪਣੇ ਬਚਾਓ ਵਿੱਚ ਪੂਰੀ ਤਰ੍ਹਾਂ ਜੁਟੇ ਹੋਏ ਹਨ। ਉਨਾਂ ਨਾਲ ਸਾਂਝਾਂ ਪਾਉਣ ਦੀ ਲੋੜ ਹੈ ਕਿਉਂਕਿ ਉਨ੍ਹਾਂ ਨੂੰ ਵੀ ਸਾਡੇ ਵਾਂਗ ਖ਼ਤਮ ਕੀਤਾ ਜਾ ਰਿਹਾ ਹੈ। ਉਹਨਾਂ ਨਾਲ ਵਿਚਾਰ-ਵਟਾਂਦਰਾ ਕਰਕੇ ਆਪਣੇ ਮਸਲੇ ਹਲ ਕਰਨ ਦੀ ਲੋੜ ਹੈ। ਆਪਣੇ ਗੁਆਂਢੀ ਪਾਕਿਸਤਾਨ ਦੇ ਭੈਣ ਭਰਾਵਾਂ ਨਾਲ ਦੋਸਤਾਨਾ ਸਬੰਧ ਕਾਇਮ ਕਰੀਏ ਅਤੇ ਉਹਨਾਂ ਨੂੰ ਯਕੀਨ ਦਿਵਾਈਏ ਕਿ ਅਸੀਂ ਪਾਕਿਸਤਾਨ ਨਾਲ ਆਪਣੀ ਦੋਸਤੀ ਪੂਰੀ ਵਫ਼ਾ ਨਾਲ ਨਿਭਾਵਾਂਗੇ। ਆਰ.ਐਸ.ਐਸ.ਵਲੋਂ ਸਿੱਖਾਂ,ਮੁਸਲਮਾਨਾਂ ਅਤੇ ਹੋਰ ਘਟਗਿਣਤੀਆਂ ਨੂੰ ਖ਼ਤਮ ਕਰਨ ਲਈ ਜੋ ਗੁਪਤ ਪੱਤਰ ਆਪਣੀਆਂ ਬਰਾਂਚਾਂ ਨੂੰ ਭੇਜਿਆ ਗਿਆ,ਉਹ ਧਿਆਨ ਨਾਲ ਪੜ੍ਹਕੇ ਆਪਣੇ ਬਚਾਓ ਲਈ ਲੋੜੀਂਦੇ ਉਪਰਾਲੇ ਕਰਨ ਦੀ ਫ਼ੌਰੀ ਲੋੜ ਹੈ।

ਪਾਕਿਸਤਾਨੀ ਭੈਣ ਭਰਾਵਾਂ ਦੇ ਨਾਂ ਪੈਗ਼ਾਮ

ਇਕ ਅਦਨਾ ਜਿਹਾ ਲਿਖਾਰੀ ਹੋਣ ਦੇ ਨਾਤੇ ਮੈਂ ਆਪ ਸਭ ਨੂੰ ਬੜੇ ਅਦਬ ਨਾਲ ਮੁਖ਼ਾਤਬ ਹੁੰਦਿਆਂ ਅਸਲਾਮੁ ਲੈਕਮ ਨਾਲ ਸਾਂਝ ਪਾਉਣ ਦਾ ਮੌਕਾ ਲੈਂਦਾਂ ਹਾਂ। ਪਾਕਿਸਤਾਨੀ ਭੈਣ ਭਰਾਵਾਂ ਨਾਲ ਮੇਰਾ ਸਨੇਹ ਤਿੰਨ ਗੱਲਾਂ ਕਰਕੇ ਹੈ। ਪਹਿਲੀ ਤਾਂ ਇਹ ਕਿ ਉਸ ਪਾਕ ਧਰਤੀ ਨੂੰ ਮੈਂ ਸਿਜਦਾ ਕਰਦਾ ਹਾਂ, ਜਿਥੋਂ ਗੁਰੂ ਨਾਨਕ ਸਾਹਿਬ ਨੇ ਸਦਾਏ ਵਾਹਦਤ ਦਾ ਨਾਅਰਾ ਲਾਇਆ ਸੀ। ਦੂਜੀ ਗੱਲ ਇਹ ਕਿ ਪਾਕਿਸਤਾਨ ਮੇਰੀ ਜਨਮ ਭੂਮੀ ਹੈ ਅਤੇ ਇਸ ਨਾਲ ਮੇਰੇ ਬਚਪਨ ਦੀਆਂ ਮਿੱਠੀਆਂ ਯਾਦਾਂ ਜੁੜੀਆਂ ਹੋਈਆਂ ਹਨ। ਤੀਜੀ ਇਹ ਕਿ ਪਾਕਿਸਤਾਨੀ ਭੈਣ ਭਰਾ ਸਾਡੇ ਗੁਆਂਢੀ ਹਨ ਕਵੀ, ਲਿਖਾਰੀ ਅਤੇ ਖਿਡਾਰੀ ਹੀ ਲੋਕਾਂ, ਕੌਮਾਂ ਅਤੇ ਮੁਲਕਾਂ ਵਿਚਕਾਰ ਪਿਆਰ-ਸਤਿਕਾਰ ਦੇ ਪੁਲ ਉਸਾਰਦੇ ਹਨ। ਸਿੱਖ ਕੌਮ ਦੇ ਲੋਕਾਂ ਅਤੇ ਪਾਕਿਸਤਾਨ ਦੇ ਲੋਕਾਂ ਵਿਚਕਾਰ ਦੋਸਤੀ ਦੇ ਪੁਲ ਦੀ ਤਾਮੀਰੀ ਵਿੱਚ ਮੇਰਾ ਇਹ ਨਿਗੂਣਾ ਜਿਹਾ ਯੋਗਦਾਨ ਹਾਜ਼ਰ ਹੈ।

ਸਾਡੀਆਂ ਤਕਦੀਰਾਂ ਕੁਦਰਤ ਨੇ ਇੱਕਠੀਆਂ ਕੀਤੀਆਂ ਹੋਈਆਂ ਹਨ। ਜੀਵਨ ਭਰ ਸਾਡੇ ਗੁਰੂ ਨਾਨਕ ਸਾਹਿਬ ਦੇ ਕਲਾਮ ਲਈ ਰਬਾਬ ਦੀਆਂ ਧੁਨਾਂ ਕੱਢਣ ਵਾਲਾ ਭਾਈ ਮਰਦਾਨਾ (ਮੁਸਲਮਾਨ) ਸਾਡੇ ਸਤਿਕਾਰ ਦਾ ਪਾਤਰ ਹੈ। ਬਾਬਾ ਫ਼ਰੀਦ ਦੇ ਕਲਾਮ ਅੱਗੇ ਅਸੀਂ ਰੋਜ਼ ਸਿਰ ਝੁਕਾਉਂਦੇ ਹਾਂ। ਸਾਡੇ ਗੁਰੂ ਸਾਹਿਬ ਨੇ ਸੋਲ੍ਹਵੀਂ ਸਦੀ ਵਿੱਚ ਹਰਿਮੰਦਰ ਸਾਹਿਬ (ਸਾਡੇ ਕਾਬੇ) ਦਾ ਨੀਂਹ ਪੱਥਰ ਸਾਂਈ ਮੀਆਂ ਮੀਰ (ਖ਼ੁਦਾਪ੍ਰਸਤ ਮੁਸਲਮਾਨ) ਤੋਂ ਰੱਖਵਾ ਕੇ ਇਹ ਸਾਬਤ ਕੀਤਾ ਸੀ ਕਿ ਨੇਕ ਮੁਸਲਮਾਨ ਉਤਨੇ ਹੀ ਸਤਿਕਾਰ ਦੇ ਪਾਤਰ ਹਨ ਜਿਤਨੇ ਕਿ ਕੋਈ ਹੋਰ। ਸਾਨੂੰ ਪੂਰਾ ਅਹਿਸਾਸ ਹੈ ਜਦ ਸਾਡੇ ਜੈਤੋ ਦੇ ਮੋਰਚੇ ਦੌਰਾਨ ਸਿੱਖਾਂ ਦੇ ਜਥੇ ਦਾ ਆਗੂ ਸਤਿਕਾਰ ਯੋਗ ਡਾਕਟਰ ਕਿਚਲੂ ਬਣਿਆ ਸੀ।

ਅਜ਼ਾਦੀ ਦੌਰਾਨ ਚਾਤੁਰ ਬ੍ਰਾਹਮਣ-ਬਾਣੀਆ ਸਿੱਖਾਂ ਤੇ ਮੁਸਲਮਾਨਾਂ ਨੂੰ ਟਕਰਾਉਣ ਵਿੱਚ ਕਾਮਯਾਬ ਰਿਹਾ। ਜੋ ਗ਼ਲਤੀਆਂ, ਗਲਤਫ਼ਹਿਮੀਆਂ ਤੇ ਘਾਟਾਂ ਉਸ ਵੇਲੇ ਦੇ ਖ਼ਾਸ ਇਤਿਹਾਸਕ ਪ੍ਰਸੰਗ ਵਿੱਚ ਹੋਈਆਂ, ਸਾਨੂੰ ਉਹਨਾਂ ਨੂੰ ਚੰਗੀ ਤਰ੍ਹਾਂ ਸਮਝਣ ਦੀ ਲੋੜ ਹੈ। ਉਹਨਾਂ ਨੂੰ ਇਤਿਹਾਸ ਦੇ ਉਸ ਮਾਹੌਲ ਵਿੱਚ ਰੱਖ ਕੇ ਵੇਖੀਏ, ਜਿਸ ਵਿੱਚ ਉਹ ਵਾਪਰੀਆਂ। ਹੁਣ ਤਾਂ ਉਹ ਪ੍ਰਸੰਗ ਹੀ ਨਹੀਂ ਰਿਹਾ। ਹਿੰਦੂ ਸਾਮਰਾਜ ਦੀਆਂ ਖ਼ੁਫ਼ੀਆ

ਏਜੰਸੀਆਂ ਅਜ ਫੇਰ ਸਾਡੇ ਲੋਕਾਂ ਅੰਦਰ ਵਿੱਥਾਂ ਵਧਾਣ ਵਿੱਚ ਜੁਟੀਆਂ ਹੋਈਆਂ ਹਨ। ਤਾਜ਼ਾ ਮਿਸਾਲ ਸਾਡੇ ਸਾਹਮਣੇ ਹੈ। ਇਸ ਜ਼ਾਲਮ ਸਰਕਾਰ ਨੇ ਜੰਮੂ-ਕਸ਼ਮੀਰ ਦੇ ਛੱਤੀ ਸਿੰਘਪੁਰਾ ਵਿੱਚ 36 ਨਿਰਦੋਸ਼ ਤੇ ਨਿਹੱਥੇ ਸਿੱਖਾਂ ਦਾ ਕਤਲੇਆਮ ਆਪਣੀਆਂ ਕੋਟਾਂ ਰਾਹੀਂ ਕਰਵਾਇਆ, ਜਿਸ ਦੀ ਪੁਸ਼ਟੀ ਪੰਜਾਬ ਦੇ ਮਨੁੱਖੀ ਅਧਿਕਾਰਾਂ ਦੀਆਂ ਦੋ ਟੀਮਾਂ ਨੇ ਆਪਣੀਆਂ ਰਿਪੋਰਟਾਂ ਵਿੱਚ ਕੀਤੀ ਹੈ। ਸਾਡੇ ਚੰਗੇਰੇ ਭਵਿਖ ਲਈ ਜ਼ਰੂਰੀ ਹੈ ਕਿ ਹਿੰਦੂ ਸਾਮਰਾਜ ਦੀ ਖਲਾਰੀ ਹੋਈ ਧੁੰਦ ਦੇ ਉਹਲਿਓਂ ਵੀ ਆਪਣੇ ਦੋਸਤ ਦਾ ਮੂੰਹ ਪਛਾਣ ਸਕੀਏ। ਦੋਹਾਂ ਕੌਮਾਂ ਦੇ ਲੋਕਾਂ ਦੀ ਦੋਸਤੀ ਹੀ ਇਹ ਯਕੀਨੀ ਬਣਾ ਸਕਦੀ ਹੈ। ਦੋਸਤੀਆਂ ਸਭ ਬੇਇਨਸਾਫ਼ੀਆਂ, ਵਧੀਕੀਆਂ ਅਤੇ ਗਿਲੇ-ਸ਼ਿਕਵਿਆਂ ਨੂੰ ਪਿਆਰ-ਪੋਚੇ ਨਾਲ ਮੇਸ ਕੇ ਰੱਖ ਦੇਂਦੀਆਂ ਹਨ।

ਹਿੰਦੂ ਸਾਮਰਾਜ ਨਾਜ਼ੀ ਹਿਟਲਰ ਵਾਂਗ ਨਸਲਵਾਦ ਤੇ ਪਸਾਰਦਵਾਦ ਦਾ ਧਾਰਨੀ ਹੈ। ਇਹ ਤਾਮਿਲਾਂ ਨੂੰ ਲੰਕਾ 'ਤੇ ਕਾਬਜ਼ ਹੋਣ ਵਿੱਚ ਸਹਾਇਤਾ ਕਰ ਰਿਹਾ ਹੈ। ਪਾਕਿਸਤਾਨ ਨਾਲੋਂ ਬੰਗਲਾ ਦੇਸ਼ ਤੁੜਵਾ ਲਿਆ ਹੈ। ਹੁਣ ਇਹ ਕਾਬਲ ਤਕ ਰਾਜ ਫੈਲਾਉਣ ਦੇ ਸੁਪਨੇ ਲੈ ਰਿਹਾ ਹੈ। ਇਸ ਨੂੰ ਰੋਕਣ ਦੀ ਜ਼ਿਮੇਵਾਰੀ ਅਮਰੀਕਾ, ਯੂਕੇ, ਫ਼ਰਾਂਸ ਆਦਿਕ ਪੱਛਮੀ ਮੁਲਕਾਂ ਦੀ ਬਣਦੀ ਹੈ ਕਿਉਂਕਿ ਇਹ ਦੁਨੀਆ ਦੀ ਸਿਆਸਤ ਦੇ ਲੀਡਰ ਹਨ। ਪਰ ਅਫ਼ਸੋਸ ਤਾਂ ਇਸ ਗੱਲ ਦਾ ਹੈ ਕਿ ਇਹਨਾਂ ਕੌਮਾਂ ਨੇ ਆਪਣੀ ਭਲਾਈ ਦੀ ਖ਼ੁਦਗਰਜ਼ੀ ਕਾਰਨ ਜਿਵੇਂ ਹਿਟਲਰ ਦੀਆਂ ਮੁੱਢਲੀਆਂ ਧਾਂਦਲੀਆਂ ਨੂੰ ਨਹੀਂ ਸੀ ਵੰਗਾਰਿਆ, ਉਵੇਂ ਹੀ ਕਾਰੋਬਾਰ ਦੇ ਮਫ਼ਾਦ ਖ਼ਾਤਰ ਭਾਰਤ ਦੇ ਜ਼ੁਲਮਾਂ ਨੂੰ ਨਜ਼ਰ-ਅੰਦਾਜ਼ ਕਰ ਰਹੀਆਂ ਹਨ। ਇਹ ਹਿਟਲਰ ਵਾਂਗ ਆਪਣੇ ਆਪ ਨੂੰ ਵਿਗਿਆਨਕ ਹਥਿਆਰਾਂ ਨਾਲ ਲੇਸ ਕਰ ਰਿਹਾ ਹੈ। ਜਿਥੇ ਤੇਲ ਹੈ, ਇਹਨਾਂ ਦਾ ਕਾਰੋਬਾਰ ਹੈ ਅਤੇ ਜਿਥੇ ਇਹਨਾਂ ਦੇ ਹਿਤਾਂ ਨੂੰ ਸੱਟ ਵਜਣ ਦਾ ਖ਼ਤਰਾ ਹੁੰਦਾ ਹੈ, ਉਥੇ ਹੀ ਇਹ ਪੱਛਮੀ ਤਾਕਤਾਂ ਡੈਮੋਕਰੇਸੀ ਤੇ ਮਨੁੱਖੀ ਅਧਿਕਾਰਾਂ ਦਾ ਰੌਲਾ ਪਾਉਂਦੀਆਂ ਹਨ।

ਜਿਸ ਫ਼ਾਸ਼ੀ ਭਾਰਤ ਨੇ ਪੰਜਾਬ ਦੇ ਵਸਦੇ ਸ਼ਹਿਰਾਂ ਤੇ ਪਿੰਡਾਂ ਵਿੱਚੋਂ ਸਿੱਖ ਜਵਾਨੀ ਦਾ ਖੁਰਾ-ਖੋਜ ਮਿਟਾ ਦਿੱਤਾ ਹੈ। ਜਿਸ ਭਾਰਤੀ ਸਰਕਾਰ ਨੇ ਸੰਨ 1984 ਤੋਂ ਹੁਣ ਤਕ 2,50,000 ਸਿੱਖਾਂ ਦਾ ਕਤਲੇਆਮ ਕੀਤਾ, 2,00,000 ਨਾਗਾਲੈਂਡ ਦੇ ਇਸਾਈਆਂ ਨੂੰ ਮਾਰਿਆ, 65,000 ਤੋਂ ਵੱਧ ਕਸ਼ਮੀਰੀ ਮੁਸਲਮਾਨਾਂ ਦਾ ਅਤੇ ਹਜ਼ਾਰਾਂ ਹੋਰਨਾਂ ਦਾ ਖ਼ੂਨ ਵਹਾਇਆ, ਉਸ ਦਹਿਸ਼ਤਗਰਦ ਸਰਕਾਰ ਨੂੰ ਇਹ ਡੈਮੋਕਰੇਸੀ ਆਖਦੇ ਹਨ। ਪਾਕਿਸਤਾਨ ਨੂੰ ਟੈਰਾਰਿਸਟ ਸਟੇਟ ਆਖਣ ਦੀ ਭੰਡੀ ਪਾਣ ਵਾਲੇ ਨੂੰ ਆਪਣੀ ਪੀੜ੍ਹੀ ਥੱਲੇ ਸੋਟਾ ਫੇਰਨ ਦੀ ਲੋੜ ਹੈ। ਅਜਿਹੇ ਝੂਠੇ ਪ੍ਰਚਾਰ ਦੀ ਹਾਲਾਤ ਵਿੱਚ ਇਹ ਜ਼ਰੂਰੀ ਬਣ ਜਾਂਦਾ ਹੈ ਕਿ ਸਿੱਖ ਤੇ ਪਾਕਿਸਤਾਨੀ ਇੱਕਠੇ ਹੋਣ ਅਤੇ ਇਸ ਖ਼ੂਨੀ ਦੈਂਤ ਨੂੰ ਨੱਥ ਪਾਉਣ। ਅਸੀਂ ਆਪਣੀ ਅਜ਼ਾਦੀ ਦੀ ਲੜਾਈ ਲੜ ਰਹੇ ਹਾਂ

ਪਾਕਿਸਤਾਨੀ ਭਰਾਵਾਂ ਦਾ ਅਤੇ ਪਾਕਿਸਤਾਨੀ ਸਰਕਾਰ ਦਾ ਅਖ਼ਲਾਕੀ ਫ਼ਰਜ਼ ਬਣਦਾ ਹੈ ਕਿ ਉਹ ਅਜ਼ਾਦ ਕਸ਼ਮੀਰ ਦੇ ਨਾਲ-ਨਾਲ ਸਿੱਖਾਂ ਉਪਰ ਹੋ ਰਹੇ ਜ਼ੁਲਮਾਂ ਵਿਰੁਧ ਵੀ ਅਵਾਜ਼ ਉਚੀ ਕਰਨ ਅਤੇ ਸਿੱਖਾਂ ਨੂੰ ਖ਼ੁਦ-ਮੁਖ਼ਤਿਆਰੀ ਦਾ ਹੱਕ (ਯੂ.ਐਨ.ਓ.ਦੇ ਚਾਰਟਰ ਮੁਤਾਬਕ) ਦਿਵਾਉਣ ਵਿੱਚ ਆਪਣਾ ਫ਼ਰਜ਼ ਨਿਭਾਉਣ।

ਜਿਸ ਨੇ ਵੀ ਅੱਜ ਤਕ ਬ੍ਰਾਹਮਣਵਾਦ 'ਤੇ ਇਤਬਾਰ ਕੀਤਾ, ਉਸੇ ਦਾ ਹੀ ਇਸ ਨੇ ਸਰਬਨਾਸ਼ ਕੀਤਾ। ਧੋਖੇ, ਫ਼ਰੇਬ ਤੇ ਵਿਸਾਹਘਾਤ ਨਾਲ ਵਿਰੋਧੀ ਨੂੰ ਪਛਾੜਨਾ ਇਸ ਦਾ ਖ਼ਾਸਾ ਹੈ। ਅਜ਼ਾਦੀ ਤੋਂ ਪਹਿਲਾਂ, ਹਿੰਦੂ ਕਾਂਗਰਸ ਨੇ ਅਸਾਮੀਆਂ, ਨਾਗਿਆਂ ਤੇ ਕਸ਼ਮੀਰੀਆਂ ਆਦਿਕ ਘੱਟ-ਗਿਣਤੀਆਂ ਨਾਲ ਵੀ ਵਾਅਦੇ ਕੀਤੇ ਸਨ। ਗਾਂਧੀ ਨੇ ਅਸਾਮ ਦੇ ਉਦੋਂ ਪ੍ਰਧਾਨ ਮੰਤਰੀ ਬਰਦਲੋਈ ਨਾਲ ਵੀ ਵਾਅਦਾ ਕੀਤਾ ਸੀ, ਕਿ ਅਸਾਮ ਦੀ ਬੋਲੀ ਤੇ ਸਭਿਆਚਾਰ 'ਤੇ ਕੋਈ ਹੋਰ ਸਭਿਆਚਾਰ ਨਹੀਂ ਠੋਸਿਆ ਜਾਏਗਾ। ਮਿਸਟਰ ਬਰਦਲੋਈ ਨੇ ਆਪਣਾ ਸਪੈਸ਼ਲ ਵਫ਼ਦ ਭੇਜ ਕੇ ਗਰੰਟੀ ਮੰਗੀ ਸੀ। ਅੱਜ ਅਸਾਮ ਵਿੱਚ ਜੋ ਕੁਝ ਹੋ ਰਿਹਾ ਹੈ, ਸਭ ਦੇ ਸਾਹਮਣੇ ਹੈ। ਜਿਵੇਂ ਪੰਜਾਬ ਦੀ ਬੋਲੀ ਤੇ ਸਭਿਆਚਾਰ ਨੂੰ ਖੋਰਿਆ ਜਾ ਰਿਹਾ ਹੈ, ਉਵੇਂ ਹੀ ਅਸਾਮ ਦੀ ਬੋਲੀ ਤੇ ਸਭਿਆਚਾਰ ਦੀਆਂ ਜੜ੍ਹਾਂ ਵੱਢੀਆਂ ਜਾ ਰਹੀਆਂ ਹਨ। ਅਜ਼ਾਦੀ ਤੋਂ ਪਹਿਲਾਂ ਨਾਗਾਲੈਂਡ ਦੇ ਲੋਕਾਂ ਨੇ ਇੱਕ ਤਾਰ ਰਾਹੀਂ ਕਾਂਗਰਸੀ ਲੀਡਰਾਂ ਨੂੰ ਸੂਚਿਤ ਕੀਤਾ ਸੀ, ਕਿ ਨਾਗਿਆਂ ਨੇ ਫ਼ੈਸਲਾ ਕਰ ਲਿਆ ਹੈ, ਕਿ ਉਹ ਭਾਰਤ ਨਾਲੋਂ ਵੱਖ ਹੋ ਰਹੇ ਹਨ ਅਤੇ ਅੰਗਰੇਜ਼ਾਂ ਦੇ ਚਲੇ ਜਾਣ ਮਗਰੋਂ ਨਾਗਾਲੈਂਡ ਦੀ ਆਪਣੀ ਸਰਕਾਰ ਹੋਵੇਗੀ। ਇਹਨਾਂ ਵਿਸਾਹਘਾਤਕ ਹਿੰਦੂ ਕਾਂਗਰਸੀ ਲੀਡਰਾਂ ਨਾਗਾਲੈਂਡ ਦੇ ਲੋਕਾਂ ਨੂੰ ਵੀ ਅਜ਼ਾਦੀ ਦੇਣ ਦੇ ਲਾਰੇ ਲਾਏ ਸਨ ਅਤੇ ਵਿਸ਼ਵਾਸ ਦਿਵਾਇਆ ਸੀ, ਕਿ 15 ਅਗਸਤ ਨੂੰ ਉਹ ਅਜ਼ਾਦ ਹੋ ਜਾਣਗੇ। ਪਿੱਛਲੇ 53 ਸਾਲਾਂ ਤੋਂ ਭਾਰਤੀ ਬੁੱਚੜ ਫ਼ੌਜ ਜਿਸ ਬੇਰਹਿਮੀ ਨਾਲ ਉਹਨਾਂ ਦੀ ਕਤਲੋ-ਗ਼ਾਰਤ ਕਰ ਰਹੀ ਹੈ, ਸਭ ਦੇ ਸਾਹਮਣੇ ਹੈ।

ਕਸ਼ਮੀਰੀਆਂ ਨੂੰ ਵੀ ਇਹਨਾਂ ਅਜ਼ਾਦੀ ਦੇਣ ਦੇ ਲਾਰੇ ਲਾਏ ਸਨ, ਪਰ ਅੱਜ ਉਹਨਾਂ ਨੂੰ ਵੀ ਅੱਤਵਾਦੀ ਤੇ ਵੱਖਵਾਦੀ ਗਰਦਾਨ ਕੇ ਖ਼ਤਮ ਕੀਤਾ ਜਾ ਰਿਹਾ ਹੈ। ਕਸ਼ਮੀਰੀਆਂ ਨਾਲ ਵੀ ਇਸ ਨੇ ਉਹੀ ਧੋਖਾ ਤੇ ਵਿਸਾਹਘਾਤ ਕੀਤਾ, ਜੋ ਇਸ ਨੇ ਸਭ ਨਾਲ ਕੀਤਾ ਹੈ। ਕੁੜਿੱਕੀ ਵਿੱਚ ਫਸੇ ਸ਼ੇਖ਼ ਅਬਦੁੱਲਾ ਨੂੰ ਵੀ ਇਸ ਵਿਸ਼ਵਾਸ ਦਿਵਾਇਆ ਸੀ ਕਿ ਕਸ਼ਮੀਰ ਦਾ ਆਪਣਾ ਵਿਧਾਨ ਹੋਵੇਗਾ, ਆਪਣਾ ਪ੍ਰਧਾਨ ਹੋਵੇਗਾ ਤੇ ਆਪਣਾ ਹੀ ਨਿਸ਼ਾਨ (ਝੰਡਾ) ਹੋਵੇਗਾ ਅਤੇ ਭਾਰਤ ਆਪਣੇ ਕੋਲ ਕੇਵਲ ਫ਼ੌਜ, ਡਾਕ-ਤਾਰ, ਕਰੰਸੀ ਅਤੇ ਵਿਦੇਸ਼ੀ ਮਹਿਕਮੇ ਹੀ ਰੱਖੇਗਾ। ਦੁਨੀਆ ਨੇ ਤੱਕ ਲਿਆ ਹੈ। ਸਦਰਿ-ਰਿਆਸਤ ਦਾ ਅਹੁਦਾ, ਵੱਖਰਾ ਵਿਧਾਨ ਤੇ ਵੱਖਰਾ ਨਿਸ਼ਾਨ ਸਭ ਖ਼ਤਮ ਕਰ ਦਿੱਤੇ ਗਏ। ਭਾਰਤੀ ਵਿਧਾਨ, ਭਾਰਤੀ ਗਵਰਨਰ ਅਤੇ ਭਾਰਤੀ ਫ਼ੌਜ ਹੁਕਮਰਾਨ ਬਣੀ

ਬੈਠੇ ਹਨ ਕਸ਼ਮੀਰੀਆਂ ਦੇ। ਉਹ ਵੀ ਸਾਡੇ ਵਾਂਗ ਅਜ਼ਾਦੀ ਲਈ ਹੱਥ ਪੈਰ ਮਾਰ ਰਹੇ ਹਨ॥

ਹਿੰਦੂ ਫ਼ਾਸ਼ੀਵਾਦ 'ਤੇ ਵਿਸ਼ਵਾਸ ਕਰਕੇ ਉਸ ਨਾਲ ਸਮਝੌਤਾ ਕਰਨ ਵਾਲਾ ਉਵੇਂ ਹੀ ਪਛਤਾਏਗਾ, ਜਿਵੇਂ ਰੂਸ ਨਾਜ਼ੀ ਜਰਮਨੀ ਨਾਲ ਸਮਝੌਤਾ ਕਰਕੇ ਪਛਤਾਇਆ ਸੀ। ਚਾਣਕੀਆ ਨੀਤੀ ਸਮਝੌਤਾ ਕਰਕੇ ਦੁਸ਼ਮਣ ਦੇ ਖ਼ੇਮੇ ਵਿੱਚ ਵੜ ਕੇ ਉਸ ਨੂੰ ਖ਼ਤਮ ਕਰਨ ਵਿੱਚ ਪੱਕਾ ਵਿਸ਼ਵਾਸ ਰੱਖਦੀ ਹੈ। ਇਹ ਫ਼ਾਸ਼ੀਵਾਦ ਸਿਰਫ਼ ਇਕ ਹੀ ਜ਼ਬਾਨ ਜਾਣਦਾ ਹੈ, ਤੇ ਉਹ ਹੈ ਤਾਕਤ ਦੀ। ਪਾਕਿਸਤਾਨ ਨੂੰ ਤਾਕਤਵਰ ਬਣਨਾ ਪਵੇਗਾ। ਅਜ਼ਾਦ ਕਸ਼ਮੀਰ ਤੇ ਅਜ਼ਾਦ ਖ਼ਾਲਿਸਤਾਨ ਨੂੰ ਨਾਲ ਜੋੜਨਾ ਪਏਗਾ।

ਸਿੱਖ ਕੌਮ ਅੰਦਰ ਜਾਗਰਤੀ ਪੈਦਾ ਕਰਨ ਵਿੱਚ ਸਹਾਇਕ ਬਣਨਾ ਪਏਗਾ, ਤਾਂ ਜੋ ਸਿੱਖ ਆਪਣੀ ਅਜ਼ਾਦੀ ਲਈ ਲਾਮਬੰਦ ਹੋਣ। ਕਿਹੜਾ ਸਿੱਖ ਫ਼ੌਜੀ ਗੁਰੂ ਨਾਨਕ ਦੀ ਪਾਕ ਧਰਤੀ 'ਤੇ ਬੰਬ ਸੁੱਟਣ ਦਾ ਕਹਿਰ ਕਮਾਏਗਾ? ਵੰਡ ਵੇਲੇ ਭਾਰਤੀ ਫ਼ੌਜ ਵਿੱਚ 35-40 ਫ਼ੀਸਦੀ ਸਿੱਖ ਫ਼ੌਜੀ ਸਨ। ਮੂਹਰੀ ਕਤਾਰ ਵਿੱਚ ਗੋਲੀਆਂ ਖਾਣ ਲਈ ਅਜ ਘਟਾ ਕੇ ਡੇਢ ਫ਼ੀਸਦੀ ਕਰ ਦਿੱਤੇ ਗਏ ਹਨ। ਸਿੱਖ ਫ਼ੌਜੀ ਜਰਨੈਲਾਂ ਨੂੰ ਜਾਂ ਲੜਾਈਆਂ ਵਿੱਚ ਜਾਂ ਸ਼ਾਜ਼ਸ਼ਾਂ ਨਾਲ ਮਰਵਾ ਦਿੱਤਾ ਜਾਂਦਾ ਹੈ ਕਿਉਂਕਿ ਫ਼ੌਜ ਦਾ ਮੁਖੀ ਹਿੰਦੂ ਜੁ ਰਹਿਣਾ ਹੈ। ਪਾਕਿਸਤਾਨ ਅਜ਼ਾਦ ਮੁਲਕ ਹੈ, ਜਿਸ ਦੇ ਸਭ ਦੁਨੀਆ ਨਾਲ ਸਬੰਧ ਹਨ। ਕਸ਼ਮੀਰ ਦੀ ਅਜ਼ਾਦੀ ਦੇ ਨਾਲ-ਨਾਲ ਸਿੱਖ ਕੌਮ ਦੀ ਅਜ਼ਾਦੀ ਲਈ ਵੀ ਹੋਰਨਾਂ ਮੁਲਕਾਂ ਨੂੰ ਪ੍ਰੇਰਨ ਦੇਣ ਦੀ ਲੋੜ ਹੈ, ਤਾਂ ਜੋ ਉਹ ਦੋਹਾਂ ਕੌਮਾਂ ਦੀ ਅਜ਼ਾਦੀ ਵਿੱਚ ਸਹਾਇਕ ਹੋਣ।

ਅਜ਼ਾਦ ਕਸ਼ਮੀਰ, ਪਾਕਿਸਤਾਨ ਅਤੇ ਅਜ਼ਾਦ ਖ਼ਾਲਿਸਤਾਨ ਇਕ ਬਹੁਤ ਵੱਡੀ ਤਾਕਤ ਬਣ ਸਕਦੇ ਹਨ। ਅਜ਼ਾਦ ਖ਼ਾਲਿਸਤਾਨ ਬਣਨ ਨਾਲ ਅਜ਼ਾਦ ਕਸ਼ਮੀਰ ਤਾਂ ਆਪਣੇ ਆਪ ਬਣ ਜਾਣਾ ਹੈ। ਅਜ਼ਾਦ ਖ਼ਾਲਿਸਤਾਨ ਸਟੀਲ ਦੀ ਦੀਵਾਰ ਬਣਕੇ ਪਾਕਿਸਤਾਨ ਦੀ ਰਾਖੀ ਕਰੇਗਾ। ਜੇ ਅਜ਼ਾਦ ਖ਼ਾਲਿਸਤਾਨ, ਅਜ਼ਾਦ ਕਸ਼ਮੀਰ ਅਤੇ ਪਾਕਿਸਤਾਨ ਇੱਕਠੇ ਹੋ ਜਾਣ, ਤਾਂ ਹੀ ਅਮਨ ਨਾਲ ਪਾਕਿਸਤਾਨ ਤਰੱਕੀ ਕਰ ਸਕਦਾ ਹੈ। ਇਸ ਢੰਗ ਨਾਲ ਹੀ ਹਿੰਦੂ ਫ਼ਾਸ਼ੀਵਾਦ ਨੂੰ ਨੱਥ ਪਾਈ ਜਾ ਸਕਦੀ ਹੈ ਅਤੇ ਇਸ ਨਾਲ ਹੀ ਇਸ ਉਪ-ਮਹਾਂਦੀਪ ਵਿੱਚ ਅਮਨ ਕਾਇਮ ਰਹਿ ਸਕਦਾ ਹੈ। ਇਸ ਵਿੱਚ ਹੀ ਸਭ ਦੀ ਭਲਾਈ ਹੈ। ਇਕ ਦੂਜੇ ਦਾ ਹੱਥ ਪਕੜ ਕੇ ਹੀ ਅਸੀਂ ਇਸ ਖ਼ੂਨੀ ਦੈਂਤ ਦਾ ਮੁਕਾਬਲ ਕਰ ਸਕਦੇ ਹਾਂ।

ਮੁਸਲਮਾਨ ਤੇ ਸਿੱਖ ਦੋਵੇਂ ਇਕ ਖ਼ੁਦਾਵੰਦ ਨੂੰ ਮੰਨਦੇ ਹਨ। ਦੋਵੇਂ ਬੁੱਤਪ੍ਰਸਤੀ ਨੂੰ ਨਕਾਰਦੇ ਹਨ ਅਤੇ ਦੋਵੇਂ ਮਨੁੱਖਤਾ ਦੀਆਂ ਵੰਡੀਆਂ ਪਾਉਣ ਵਾਲੀ ਜ਼ਾਤਪਾਤੀ ਪ੍ਰਬੰਧ ਪ੍ਰਣਾਲੀ ਨੂੰ ਧ੍ਰਿਕਾਰਦੇ ਹਨ। ਦੋਵੇਂ ਬਹਾਦਰ ਕੌਮਾਂ ਹਨ। ਦੋਹਾਂ ਦੇ ਹਿਤ ਸਾਂਝੇ ਹਨ ਅਤੇ ਦੋਵੇਂ ਫ਼ਾਸ਼ੀਵਾਦ ਨਾਲ ਘੁਲ ਰਹੇ ਹਨ। ਦੋਸਤੀ ਜਿਹੀ ਕੋਈ ਕਰਾਮਾਤ ਨਹੀਂ॥

ਅਸੀਂ ਇਕ ਤੇ ਇਕ ਦੋ ਨਹੀਂ, ਸਗੋਂ ਗਿਆਰਾ ਬਣ ਜਾਵਾਂਗੇ। ਇਸ ਦੋਸਤੀ ਵਿੱਚੋਂ ਮੈਨੂੰ ਨਵੀਆਂ ਆਸਾਂ, ਨਵੀਆਂ ਅਜ਼ਾਦੀਆਂ ਅਤੇ ਨਵੀਆਂ ਮੰਜ਼ਲਾਂ ਦਿੱਸ ਰਹੀਆਂ ਹਨ। ਏਸ ਦੋਹਾਂ ਕੌਮਾਂ ਦੇ ਲੋਕਾਂ ਦੀ ਸੰਭਾਵਨਾਵਾਂ ਭਰੀ ਤੇ ਭਾਗਾਂਭਰੀ ਦੋਸਤੀ ਲਈ ਲਿਖਕੇ ਤੇ ਬੋਲਕੇ, ਜਿਵੇਂ ਵੀ ਹੋ ਸਕਿਆ ਕੋਸ਼ਿਸ਼ ਕਰਦਾ ਰਹਾਂਗਾ। ਕਈ ਵਾਰ ਵੇਖਿਆ ਗਿਆ ਹੈ ਕਿ ਵੱਡੀਆਂ ਦੋਸਤੀਆਂ ਤੇ ਲੰਮੀਆਂ ਮੁਹੱਬਤਾਂ ਛੋਟੀਆਂ ਗੱਲਾਂ ਤੋਂ ਹੀ ਸ਼ੁਰੂ ਹੁੰਦੀਆਂ ਹਨ।

ਪਾਕਿਸਤਾਨੀ ਭਰਾਵਾਂ ਦੀ ਫ਼ਰਾਖ਼-ਦਿਲੀ ਅਤੇ ਮਹਿਮਾਨ ਨਿਵਾਜ਼ੀ ਜਗਤ ਪ੍ਰਸਿੱਧ ਹਨ। ਜਦ ਸਿੱਖ ਗੁਰਪੁਰਬ ਮਨਾਉਣ ਪਾਕਿਸਤਾਨ ਜਾਂਦੇ ਹਨ, ਤਾਂ ਜਿਸ ਮੁਹੱਬਤ ਤੇ ਦੋਸਤਾਨਾ ਢੰਗ ਨਾਲ ਸਭ ਦਾ ਸਵਾਗਤ ਕਰਦੇ ਹਨ, ਉਹ ਇਕ ਬੇ-ਮਿਸਾਲ ਨਮੂਨਾ ਹੈ। ਆਪ ਜੀ ਦੀਆਂ ਇਹ ਮੇਜ਼ਬਾਨੀਆਂ ਸਾਰੀ ਸਿੱਖ ਕੌਮ ਦੇ ਸਿਰ ਚੜ੍ਹਿਆ ਕਰਜ਼ਾ ਹੈ। ਇਹ ਕਰਜ਼ਾ ਮੇਰੀ ਕੌਮ ਦੇ ਸਾਰੇ ਵੀਰਾਂ ਭੈਣਾਂ ਨੇ ਲਾਹਣਾ ਹੈ। ਮੇਰੇ ਵੀਰਾਂ ਭੈਣਾਂ ਦਾ ਫ਼ਰਜ਼ ਬਣਦਾ ਹੈ ਕਿ ਜਦੋਂ ਵੀ ਜਿਥੇ ਵੀ ਕੋਈ ਪਾਕਿਸਤਾਨੀ ਵੀਰ ਭੈਣ ਮਿਲਣ, ਤਾਂ ਉਹਨਾਂ ਨਾਲ ਓਹੋ ਜਿਹਾ ਉਚੇਚ ਭਰਿਆ ਪਿਆਰ-ਸਤਿਕਾਰ ਵਾਲਾ ਸਲੂਕ ਕਰਨਾ ਹੈ, ਜੋ ਉਹ ਸਾਡੇ ਭੈਣਾਂ ਭਰਾਵਾਂ ਨਾਲ ਕਰਦੇ ਹਨ।

ਐਸ ਵੇਲੇ ਚੁਤਰਫ਼ੀਂ ਧਿਆਨ ਮਾਰਿਆਂ ਦੋਸਤਾਨਾ ਦਿਲਬਰੀ ਸਾਨੂੰ ਇਕੋ ਪਾਸਿਓਂ ਹੀ ਆਉਂਦੀ ਦਿੱਸਦੀ ਹੈ -ਗੁਆਂਢੀ ਪਾਕਿਸਤਾਨ ਪਾਸਿਓਂ। ਆਓ, ਅਸੀਂ ਕਿਸੇ ਦਿਲ-ਸਾਂਝੇ ਦਾ ਗੀਤ ਈਜਾਦ ਕਰੀਏ, ਜਿਦ੍ਹੀ ਵੰਝਲੀ ਦੀ ਹਰੇਕ ਸੁਰੀਲੀ ਤਾਨ ਇਨਸਾਨ ਨੂੰ ਇਨਸਾਨ ਨਾਲ ਮੇਲ ਕੇ ਨਚਾਏ। ਪਾਕਿਸਤਾਨ ਦੇ ਬਹਾਦਰ ਲੋਕਾਂ ਦੀ ਜਿਗਰੀ ਦੋਸਤੀ ਸਾਡਾ ਸਵੈ-ਬਲ ਦੂਣਾ-ਚੌਣਾ ਕਰੇਗੀ। ਹੁਣ ਤਕ ਤੁਹਾਡੇ ਮਦਦਗਾਰ ਹੋਣ ਦੀਆਂ ਮਿਹਰਬਾਨੀਆਂ - ਸਾਰੀਆਂ ਮਿਹਰਬਾਨੀਆਂ - ਕੀ ਨਿੱਕੀਆਂ, ਕੀ ਵੱਡੀਆਂ - ਸਿੱਖ ਕੌਮ ਕਦੀ ਨਹੀਂ ਭੁਲਾਏਗੀ। ਸਿੱਖ ਕੌਮ ਦੀ ਇਹ ਸਦਾ ਹਸਰਤ ਰਹੇਗੀ ਕਿ ਆਪਣੇ ਪਾਕਿਸਤਾਨੀ ਭਰਾਵਾਂ ਦਾ ਅਹਿਸਾਨ ਕਿਵੇਂ ਮੋੜਿਆ ਜਾਏ? ਮੁਆਫ਼ ਕਰਨਾ, ਇਥੇ ਮੈਂ ਇਹ ਲਿਖਣ ਦੀ ਆਪ ਜੀ ਤੋਂ ਖੁਲ੍ਹ ਲੈਂਦਾ ਹਾਂ ਕਿ ਸਿੱਖ ਕੌਮ ਅਹਿਸਾਨ ਫ਼ਰਾਮੋਸ਼ ਨਹੀਂ। ਮਲੇਰ ਕੋਟਲੇ ਦੇ ਨਵਾਬ ਨੇ ਸਾਡੇ ਗੁਰੂ ਸਾਹਿਬ ਦੇ ਮਾਸੂਮ ਤੇ ਬੇਕਸੂਰ ਸ਼ਹਿਜ਼ਾਦਿਆਂ ਨੂੰ ਸਜ਼ਾ ਨਾ ਦੇਣ ਲਈ ਸਦਾਏ ਹੱਕ ਉਚੀ ਕੀਤੀ ਸੀ, ਸਿੱਖ ਅਜ ਤਕ ਉਸ ਘਰਾਣੇ ਨੂੰ ਸਤਿਕਾਰਦੇ ਤੇ ਪਿਆਰਦੇ ਆ ਰਹੇ ਨੇ। ਜੇ ਕੋਈ ਆਪ ਜੀ ਦੇ ਲੋਕਾਂ ਜਾਂ ਮੁਲਕ ਦੀ ਸ਼ਾਨ ਵਿੱਚ ਗ਼ਲਤ ਲਿਖਿਆ ਗਿਆ ਹੋਵੇ ਤਾਂ ਮੁਆਫ਼ੀ ਮੰਗਦਾ ਹਾਂ।

ਖ਼ੁਦਾ ਹਾਫ਼ਜ਼

ਅਜ਼ਾਦ ਖ਼ਾਲਿਸਤਾਨ ਜ਼ਿੰਦਾਬਾਦ !

ਅਜ਼ਾਦ ਕਸ਼ਮੀਰ ਜ਼ਿੰਦਾ ਬਾਦ !!

ਪਾਕਿਸਤਾਨ ਪਾਇੰਦਾਬਾਦ !!!

ਆਰ.ਐਸ.ਐਸ.ਏਜੰਡਾ ਤੇ ਸਿੱਖ ਕੌਮ

(ਗੋਲਵਾਲਕਰ ਨੇ 1938 ਵਿੱਚ ਆਪਣੀ ਪੁਸਤਕ ਵਿੱਚ ਹਿਟਲਰ ਦੀ ਨਸਲਵਾਦੀ ਤੇ ਪਸਾਰਵਾਦੀ ਸੋਚ ਅਨੁਸਾਰ ਯਹੂਦੀਆਂ ਵਿਰੁੱਧ ਨਫ਼ਰਤ ਨੂੰ ਸਲਾਹਿਆ ਸੀ)

"ਜਰਮਨੀ ਨੇ ਇਹ ਸਾਬਤ ਕਰ ਵਿਖਾਇਆ ਹੈ ਕਿ ਵੱਖੋ-ਵੱਖਰੀਆਂ ਸੰਸਕ੍ਰਿਤੀਆਂ ਅਤੇ ਨਸਲਾਂ ਨੂੰ ਇਕੋ ਤਰ੍ਹਾਂ ਪਰੋਇਆ ਜਾਣਾ ਕਿਸੇ ਤਰ੍ਹਾਂ ਮੁਮਕਿਨ ਨਹੀਂ। ਸਾਨੂੰ ਹਿੰਦੁਸਤਾਨੀਆਂ ਨੂੰ ਇਸ ਤਰਜਬੇ ਤੋਂ ਸਿੱਖਣਾ ਚਾਹੀਦਾ ਹੈ ਅਤੇ ਫ਼ਾਇਦਾ ਉਠਾਉਣਾ ਚਾਹੀਦਾ ਹੈ। ਹਿੰਦੁਸਤਾਨ ਵਿੱਚ ਜੋ ਗ਼ੈਰ ਹਿੰਦੂ ਲੋਕ ਹਨ ਜਾਂ ਤਾਂ ਉਹ ਹਿੰਦੂ ਸਭਿਆਚਾਰ ਅਤੇ ਭਾਸ਼ਾ ਨੂੰ ਸਵੀਕਾਰ ਕਰਨ, ਹਿੰਦੂ ਧਰਮ ਦਾ ਆਦਰ-ਸਨਮਾਨ ਕਰਨਾ ਸਿੱਖਣ, ਹਿੰਦੂ ਨਸਲ ਅਤੇ ਸਭਿਆਚਾਰ ਦੇ ਗੁਣ ਗਾਨ ਦੇ ਇਲਾਵਾ ਕੋਈ ਵਿਚਾਰ ਆਪਣੇ ਮਨ ਵਿੱਚ ਨਾ ਲਿਆਉਣ। ਯਾਨੀ ਇਸ ਸ਼ਬਦ ਵਿੱਚ ਉਹ ਵਿਦੇਸ਼ੀ ਹੋਣਾ ਬੰਦ ਕਰਨ ਜਾਂ ਉਹ ਇਸ ਦੇਸ਼ ਵਿੱਚ ਹਿੰਦੂ ਰਾਸ਼ਟਰ ਦੇ ਪੂਰੀ ਤਰ੍ਹਾਂ ਗ਼ੁਲਾਮ ਬਣ ਕੇ ਰਹਿਣ, ਕਿਸੇ ਚੀਜ਼ ਦਾ ਦਾਅਵਾ ਨਾ ਕਰਨ, ਕਿਸੇ ਚੀਜ਼ ਦੀ ਇੱਛਾ ਨਾ ਕਰਨ, ਉਨ੍ਹਾਂ ਨੂੰ ਕੋਈ ਚੀਜ਼ ਨਹੀਂ ਮਿਲੇਗੀ, ਚੰਗਾ ਵਰਤਾਅ ਤਾਂ ਬਹੁਤ ਦੂਰ ਦੀ ਗੱਲ ਹੈ, ਉਨ੍ਹਾਂ ਨੂੰ ਨਾਗਰਿਕ ਅਧਿਕਾਰ ਵੀ ਨਹੀਂ ਮਿਲਣਗੇ।:

(ਧੰਨਵਾਦ ਸਹਿਤ-ਪ੍ਰੋ.ਬਲਵਿੰਦਰਪਾਲ ਸਿੰਘ, ਸਿੱਖ ਵਿਰਸਾ ਕੈਨੇਡਾ ਮਈ 2000)

(ਬਜਰੰਗ ਬਲੀ ਵਲੋਂ ਛਾਪਿਆ ਗਿਆ ਇਸ਼ਤਿਹਾਰ ਜੋ ਖ਼ਬਰ ਦੇ ਤੌਰ ਤੇ ਇਹ ਪੋਸਟਰ ਹੂ-ਬ-ਹੂ ਅਜੀਤ ਅਖ਼ਬਾਰ ਵਿੱਚ ਵੀ ਛਪਿਆ ਸੀ।)

ਬਜਰੰਗ ਬ੍ਰਿਗੇਡ ਲਖਨਊ ਸ਼ਾਖਾ
ਹਿੰਦੂ ਏਕਤਾ! ਅਮਰ ਰਹੇ!!

ਸਾਥੀਓ,
ਇਸ ਹਿੰਦੁਸਤਾਨ ਕੀ ਧਰਤੀ ਪਰ ਬੁਧੀ ਵ ਵਿਵੇਕ ਸੇ ਰਹਿਤ ਸਿੱਖ, ਰੰਗ ਰਲੀਆਂ ਮਨਾ ਰਹੇ ਹੈਂ ਔਰ ਜੀਵਨ ਕਾ ਅਸਲ ਅਨੰਦ ਲੂਟ ਰਹੇ ਹੈਂ ਜਿਸ ਸੇ ਇਨਕਾ

ਦਿਮਾਗ ਸਾਤਵੇਂ ਅਸਮਾਨ ਪਰ ਚਲਾ ਗਯਾ ਹੈ। ਯੇ ਦੁਸ਼ਟ ਸਰਦਾਰ ਲੋਗ ਬਸੋਂ, ਟਰੇਨੋਂ ਵ ਹਵਾਈ ਜਹਾਜ਼ੋਂ ਮੇਂ ਹਿੰਦੂਓਂ ਕਾ ਚਲਨਾ ਫਿਰਨਾ ਕਠਿਨ ਕਰ ਰਹੇ ਹੈਂ। ਮੁੱਠੀ ਭਰ ਸਰਦਾਰ ਸਾਰੇ ਹਿੰਦੁਸਤਾਨ ਕੋ ਤਬਾਹ ਕਰ ਰਹੇਂ ਹੈਂ। ਅਗਰ ਸਹਿਮੇਂ ਰਹਿਤੇ ਹਮ ਲੋਗ ਨਹੀਂ ਸੰਭਲਤੇ ਔਰ ਇਨ ਸਰਦਾਰੋਂ ਕਾ ਸਫ਼ਾਇਆ ਨਹੀਂ ਕਰਤੇ, ਔਰ ਅਗਰ ਇਸੀ ਤਰਹ ਗਿਆਨੀ ਜ਼ੈਲ ਸਿੰਹ, ਬੂਟਾ ਸਿੰਹ ਕੋ ਅਪਨੇ ਦੇਸ਼ ਕੀ ਗੱਦੀਓਂ ਪਰ ਬਿਠਾਏ ਰਖਤੇ ਹੈਂ ਤੋ ਯੇ ਰਾਕਸ਼ ਹਿੰਦੁਸਤਾਨ ਮੇਂ ਹਿੰਦੂਓਂ ਕਾ ਨਾਮੋ ਨਿਸ਼ਾਨ ਮਿਟਾ ਦੇਂਗੇ।

ਇਸ ਲੀਏ ਹਮ ਹਿੰਦੂ ਜਨ, ਹਿੰਦੁਸਤਾਨ ਕਾ ਅਸਤੀਤਵ ਬਨਾਏ ਰਖਨੇ ਕੇ ਲੀਏ ਬਜਰੰਗ ਬ੍ਰਿਗੇਡ ਕਾ ਗਠਨ ਕੀਏ ਹੈ। ਹਮਾਰਾ ਅਭਿਆਸ ਸ੍ਰੀਮਤੀ ਇੰਦਰਾ ਗਾਂਧੀ ਜੀ ਕੀ ਬਰਸੀ 31 ਅਕਤੂਬਰ ਸੇ ਸ਼ੁਰੂ ਹੋਗਾ। ਹਿੰਦੂ ਭਾਈਓਂ ਸੇ ਨਿਵੇਦਨ ਹੈ ਕਿ ਤਨ ਮਨ ਧਨ ਸੇ ਹਮ ਲੋਗੋਂ ਕੇ ਅਭਿਮਾਨ ਮੇਂ ਸਹਿਯੋਗ ਦੇਂ ਵ ਭਾਗ ਲੇਂ। ਹਮਾਰੇ ਪ੍ਰੀਏ ਨੇਤਾ (ਇੰਦਰਾ ਗਾਂਧੀ ਜੀ) ਕੀ ਦੂਸਰੀ ਬਰਸੀ ਆਨੇ ਸੇ ਪਹਿਲੇ ਹਮੇਂ ਦੇਖਨਾ ਹੈ ਕਿ ਭਾਰਤ ਮਾਤਾ ਕੀ ਪਵਿਤਰ ਧਰਤੀ ਪਰ ਗ਼ਦਾਰੋਂ ਜੈਸੀ ਦੁਸ਼ਟ ਕੌਮ ਕਾ ਏਕ ਭੀ ਵਿਅਕਤੀ ਦਿਖਾਈ ਨਾ ਪੜੇ। ਇਨਕਾ ਕਤਲੇਆਮ ਕਰਕੇ ਇਨਕੀ ਲਾਸ਼ੇਂ ਧਰਤੀ ਮਾਂ ਕੀ ਪਵਿੱਤਰ ਗੋਦ ਮੇਂ ਬਿਛਾਨਾ ਹੈ। ਇਸ ਪਵਿੱਤਰ ਯੱਗ ਮੇਂ ਆਪ ਲੋਗ ਤਨ ਮਨ ਧਨ ਔਰ ਸ਼ਸਤਰ ਕਾ ਦਾਨ ਦੇਂ। ਯੇ ਪਵਿੱਤਰ ਕਾਰਯ ਹਮੇਂ ਉਤਰ ਪ੍ਰਦੇਸ਼ ਕੀ ਪਵਿੱਤਰ ਧਰਤੀ ਲਖਨਊ ਸੇ ਆਰੰਭ ਕਰਨਾ ਹੈ।

ਇਸ ਸੇ ਤਮਾਮ ਫ਼ਾਇਦੇ ਹੋਂਗੇ। ਬੁਧੀ ਵ ਵਿਵੇਕ ਸੇ ਦੂਰ ਰਹਿਨੇ ਵਾਲੇ ਸਰਦਾਰੋਂ ਕੀ ਜਾਤੀ ਜੈਸੇ ਜਾਨਵਰੋਂ ਕੇ ਬੋਝ ਸੇ ਭਾਰਤ ਮਾਤਾ ਕੋ ਰਾਹਤ ਮਿਲੇਗੀ, ਔਰ ਇਨਹੋਂ ਨੇ ਬਲ ਸੇ ਜੋ ਧਨ ਪਰ ਕਬਜ਼ਾ ਕਰ ਰਖਾ ਹੈ, ਉਸ ਕਾ ਹਿੰਦੂ ਭਾਈਓਂ ਕੋ ਉਪਯੋਗ ਕਰਨੇ ਕਾ ਸ਼ੁਭ ਅਵਸਰ ਮਿਲੇਗਾ। ਹਮਾਰੀ ਦ੍ਰਿੜ ਪ੍ਰਤਿਗਿਆ ਹੈ ਕਿ ਹਮ ਅਪਨੇ ਇਸ ਉਦੇਸ਼ਯ ਕੋ ਸ਼ੀਘਰ ਹੀ ਪੂਰਾ ਕਰੇਂਗੇ। ਸਰਦਾਰ ਰੂਪੀ ਕੌਮ ਕਾ ਏਕ ਬੱਚਾ ਭੀ ਇਸ ਯੱਗ ਕੀ ਸਾਮਗ੍ਰੀ ਬਨਨੇ ਸੇ ਨਹੀਂ ਬਚ ਸਕੇਗਾ। ਅਬ ਇਨ ਸਰਦਾਰੋਂ ਕੋ ਦੁਨੀਆ ਮੇਂ ਕੋਈ ਭੀ ਨਹੀਂ ਬਚਾ ਸਕਤਾ।:

ਜਯ ਬਜਰੰਗ ਬਲੀ

ਹਮ ਹੈਂ ਆਪ ਕੇ

ਬਜਰੰਗ ਬ੍ਰਿਗੇਡ ਲਖਨਊ ਸ਼ਾਖਾ (ਉਤਰ ਪ੍ਰਦੇਸ਼)

(ਧੰਨਵਾਦ ਸਹਿਤ - ਸ. ਬਲਜੀਤ ਸਿੰਘ ਖ਼ਾਲਸਾ, ਸਿੱਖ ਵਿਰਸਾ ਕੈਨੇਡਾ ਜੁਲਾਈ, 2000)

ਇਸਾਈਆਂ, ਮੁਸਲਮਾਨਾਂ, ਦਲਿਤਾਂ, ਸਿੱਖਾਂ ਅਤੇ ਹੋਰ ਘਟ ਗਿਣਤੀਆਂ ਨੂੰ ਹਿੰਦੁਸਤਾਨ 'ਚੋਂ ਖ਼ਤਮ ਕਰਨ ਲਈ ਆਰ.ਐਸ.ਐਸ.ਦੇ ਹੈਡਕੁਆਰਟਰ ਵਲੋਂ ਬਰਾਂਚਾਂ ਨੂੰ ਭੇਜਿਆ ਗੁਪਤ ਪੱਤਰ -

ਸਥਾਨਕ ਲੀਡਰੋ,- ਪੁਰਾਣੀਆਂ ਜ਼ਿਮੇਵਾਰੀਆਂ ਤੋਂ ਅਤ੍ਰਿਕਤ ਕੁਝ ਹੋਰ ਜ਼ਿਮੇਵਾਰੀਆਂ ਨਿਯੁਕਤ ਕੀਤੀਆਂ ਗਈਆਂ ਹਨ ਅਤੇ ਉਨ੍ਹਾਂ ਦੀ ਸੋਧ ਕੀਤੀ ਜਾਵੇਗੀ। ਵਾਲੰਟੀਅਰਾਂ ਅਤੇ ਨਵੇਂ ਰੰਗਰੂਟਾਂ ਨੂੰ ਇਸ ਪ੍ਰਕਾਰ ਸਿਖਿਆ ਪ੍ਰਦਾਨ ਕੀਤੀ ਜਾਵੇ। ਉਨ੍ਹਾਂ ਦੀ ਪ੍ਰਕਿਰਿਆ ਹੈ,ਉਹ ਮੁੱਖ ਦਫ਼ਤਰ ਨੂੰ ਲਿਖ ਭੇਜੋ। ਸਿਖਿਆ ਦੇਣ ਤੋਂ ਬਾਅਦ ਇਸ ਕਾਗਜ਼ ਨੂੰ ਜਲਾ ਦਿੱਤਾ ਜਾਵੇ।

1) ਹਥਿਆਰਾਂ ਦੀ ਸਪਲਾਈ ਤੇਜ਼ ਕੀਤੀ ਜਾਵੇ।
2) ਪੱਛੜੀਆਂ ਸ਼ਰੇਣੀਆਂ ਨੂੰ ਜਿੱਤਣ ਦੀ ਕੋਸ਼ਿਸ਼ ਕਰੋ ਅਤੇ ਉਨ੍ਹਾਂ ਨੂੰ ਮੁਸਲਮਾਨਾਂ ਅਤੇ ਅੰਬੇਦਕਰੀਆਂ ਦੇ ਵਿਰੁੱਧ ਲੜਨ ਲਈ ਤਿਆਰ ਕਰੋ।
3) ਸਰਕਾਰੀ ਅਧਿਕਾਰੀਆਂ ਵਿੱਚ ਹਿੰਦੂਤਵਾ ਪ੍ਰਮੋਟ ਕਰੋ।
4) ਡਾਕਟਰਾਂ ਵਿੱਚ ਹਿੰਦੂਤਵਾ ਪਰਮੋਟ ਕਰੋ ਅਤੇ ਮਿਆਦ ਸਮਾਪਤੀ ਵਾਲੀਆਂ ਅਤੇ ਜ਼ਹਿਰੀਲੀਆਂ ਦਵਾਈਆਂ ਅਵਰਨਾਂ (ਸਿੱਖਾਂ),ਕਬਾਇਲੀਆਂ ਅਤੇ ਮੁਸਲਮਾਨਾਂ ਨੂੰ ਦਿੱਤੀਆਂ ਜਾਣ। ਨਵ-ਜਨਮੇ ਅਵਰਨਾਂ ਅਤੇ ਸ਼ੂਦਰਾਂ ਦੇ ਬੱਚਿਆਂ ਨੂੰ ਅਪਾਹਜ ਕਰਨ ਦੇ ਟੀਕੇ ਲਗਵਾਓ।
5) ਨਵ-ਜਨਮੇ ਅਵਰਨਾਂ (ਜਿਹੜੇ ਵਰਨ ਵੰਡ ਨਹੀਂ ਮੰਨਦੇ) ਅਤੇ ਦਲਿਤਾਂ ਨੂੰ 'ਓਮ' ਅਤੇ ਜੈ ਸ੍ਰੀ ਰਾਮ ਦਾ ਸਹੀ ਉਚਾਰਨ ਸਿਖਾਉਣਾ।
6) ਹਿੰਦੂਆਂ (ਬ੍ਰਾਹਮਣਾਂ) ਦੇ ਵਿਰੋਧੀਆਂ ਅਤੇ ਨਕਲੀ ਧਰਮੀਆਂ ਦਾ ਬਾਈਕਾਟ।
7) ਦਲਿਤਾਂ ਅਤੇ ਅਵਰਨਾਂ ਦੀ ਅਬਾਦੀ ਵਾਲੇ ਇਲਾਕੇ ਵਿੱਚ ਨਜਾਇਜ਼ ਅਤੇ ਜਾਇਜ਼ ਸ਼ਰਾਬ,ਨਸ਼ੀਲੇ ਪਦਾਰਥ,ਜੂਆ ਅਤੇ ਲਾਟਰੀ ਵਾਲੇ ਮੁਜਰਮਾਂ ਦੀ ਪਹਿਚਾਣ ਅਤੇ ਮਦਦ। ਸਰਕਾਰੀ ਦਫ਼ਤਰਾਂ ਵਿੱਚ ਧਾਰਮਿਕ ਸਮਾਰੋਹ ਮਨਾਉਣੇ,ਜਗਰਾਤੇ,ਨਵੇਂ ਅਤੇ ਪੁਰਾਣੇ ਮੰਦਰਾਂ ਲਈ ਚੰਦਾ ਇੱਕਠਾ ਕਰਨਾ।

ਗ਼ੈਰ ਹਿੰਦੂਆਂ ਦੀਆਂ ਫ਼ਸਾਦਾਂ ਦੌਰਾਨ ਦੁਕਾਨਾਂ ਲੁੱਟਣੀਆਂ ਅਤੇ ਝੂਠਾ ਪ੍ਰਾਪੇਗੰਡਾ ਕਰਨਾ।

8) ਅਵਰਨਾਂ ਤੇ ਮੁਸਲਿਮ ਲੜਕੀਆਂ ਨੂੰ ਵੇਸਵਾ ਧੰਦੇ ਲਈ ਵਰਗਲਾਉਣਾ। ਢਾਂਡੇਵਾਲਾ ਮੌਲਾ (Code Word) ਜਾਰੀ ਰੱਖਣਾ।

9) ਅਵਰਨਾਂ ਦੇ ਸਕੂਲ ਜਾਂਦੇ ਬੱਚਿਆਂ ਦੀ ਤੰਦਰੁਸਤੀ ਅਤੇ ਮਾਨਸਿਕ ਵਿਕਾਸ ਤੇ ਰੋਕ ਲਾਉਣਾ। ਅਵਰਨਾਂ ਤੇ ਖ਼ਾਸ ਤੌਰ ਤੇ ਅੰਬੇਦਕਾਰੀਆਂ ਦੇ ਬੱਚਿਆਂ ਨੂੰ ਅਧਿਆਪਕਾਂ ਅਤੇ ਵਾਲੰਟੀਅਰਾਂ ਦੀ ਸਹਾਇਤਾ ਨਾਲ ਨੁਕਸਾਨਦੇਹ ਭੋਜਨ ਛਕਾਉਣਾ।

10) ਸ਼ਡਿਊਲ ਕਾਸ਼ਟ, ਸ਼ਡਿਊਲ ਟਰਾਈਬ ਅਤੇ ਅਵਰਨਾਂ ਦੇ ਵੱਧ ਤੋਂ ਵੱਧ ਬੱਚਿਆਂ ਨੂੰ ਆਪਣੇ ਸਕੂਲਾਂ ਵਿੱਚ ਦਾਖ਼ਲ ਕਰਵਾ ਕੇ ਆਪਣੇ ਢੰਗ ਦਾ ਇਤਿਹਾਸ ਪੜ੍ਹਾਉਣਾ।

11) ਮੁਸਲਮਾਨਾਂ, ਅੰਬੇਦਕਾਰੀਆਂ, ਬੋਧੀਆਂ ਵਿਰੁੱਧ ਜਾਤੀ ਫ਼ਸਾਦ ਤੇਜ਼ੀ ਨਾਲ ਉਕਸਾਏ ਜਾਣ। ਫ਼ਸਾਦਾਂ ਦੌਰਾਨ ਵੱਧ ਤੋਂ ਵੱਧ ਵਾਲੰਟੀਅਰ ਆਪਣੇ ਇਲਾਕਿਆਂ ਤੋਂ ਦੂਰ ਅਤੇ ਵੱਧ ਤੋਂ ਵੱਧ ਹਿੱਸਿਆਂ ਵਿੱਚ ਨਿਯੁਕਤ ਕੀਤੇ ਜਾਣ। ਪੁਲਸ ਅਤੇ ਰੱਖਿਆ ਦਲਾਂ ਨੂੰ ਹਿੰਦੂ ਵਿਰੋਧੀ ਲੋਕਾਂ ਵਿਰੁੱਧ ਉਕਸਾਇਆ ਜਾਵੇ।

12) ਫ਼ਸਾਦਾਂ ਦੌਰਾਨ ਮੁਸਲਮਾਨਾਂ ਅਤੇ ਅਵਰਨ ਔਰਤਾਂ ਦਾ ਵੱਧ ਤੋਂ ਵੱਧ ਬਲਾਤਕਾਰ ਕੀਤਾ ਜਾਵੇ। ਦੋਸਤਾਂ ਮਿੱਤਰਾਂ ਅਤੇ ਪਹਿਚਾਣ ਵਾਲਿਆਂ ਦਾ ਬਿਲਕੁਲ ਲਿਹਾਜ਼ ਨਾ ਕੀਤਾ ਜਾਵੇ। ਸੂਰਤ ਵਾਲਾ ਮਾਡਲ ਅਖ਼ਤਿਆਰ ਕੀਤਾ ਜਾਵੇ।

13) ਗ਼ੈਰ ਹਿੰਦੂ ਧਾਰਮਿਕ ਸਥਾਨਾਂ ਦੇ ਲਾਗੇ ਬੁੱਤ ਅਤੇ ਮੂਰਤੀਆਂ ਧਰਤੀ ਅੰਦਰ ਅੱਗੇ ਵਾਂਗ ਹੀ ਰੱਖੀਆਂ ਜਾਣ। ਲੋੜ ਪੈਣ ਤੇ ਮੁੱਖ ਦਫ਼ਤਰ –1 ਨਾਲ ਸੰਪਰਕ ਕਰੋ। ਇਹ ਸਾਬਤ ਕਰਨ ਲਈ ਕਿ ਸਾਰੇ ਗਿਰਜਾ ਘਰ, ਮਸਜਿਦਾਂ ਅਤੇ ਸਟੂਪੇ (ਬੋਧੀ) ਪੁਰਾਣੇ ਮੰਦਰ ਹਨ। ਨਵੇਂ ਬੁੱਤ ਤੇ ਮੂਰਤੀਆਂ ਬਣਾਏ ਜਾਣ।

14) ਮੁਸਲਿਮ ਵਿਰੋਧੀ ਅਤੇ ਬੋਧੀਆਂ ਵਿਰੋਧੀ ਸਾਹਿਤ ਛਾਪਣ ਵਿੱਚ ਤੇਜ਼ੀ ਲਿਆਂਦੀ ਜਾਵੇ। ਇਹ ਸਾਬਤ ਕਰਨ ਵਾਸਤੇ ਕਿ ਸਾਮਰਾਟ ਅਸ਼ੋਕ ਬੋਧੀ ਨਹੀਂ ਸੀ, ਵਧੇਰੇ ਸਬੂਤ ਇੱਕਠੇ ਕੀਤੇ ਜਾਣ।

15) ਬ੍ਰਾਹਮਣ ਵਿਰੋਧੀ ਸਾਹਿਤ, ਦਲਿਤ ਸਾਹਿਤ, ਅੰਬੇਦਕਰ ਸਾਹਿਤ ਅਤੇ ਕਮਿਊਨਿਸਟ ਸਾਹਿਤ ਬਰਬਾਦ ਕੀਤਾ ਜਾਵੇ। ਅਜਿਹੇ ਕਿਸੇ ਸਾਹਿਤ ਨੂੰ ਪਬਲਿਕ ਜਾਂ ਸਰਕਾਰੀ ਲਾਇਬਰੇਰੀਆਂ 'ਚ ਜਾਣ ਤੇ ਰੋਕ ਲਾਓ। ਆਪਣੇ ਸਾਹਿਤ ਦਾ ਪ੍ਰਭਾਵ ਅੰਬੇਦਕਾਰੀਆਂ ਤੇ ਦਲਿਤਾਂ ਤੇ ਪਾਓ।

16) ਸ਼ਡਿਊਲ ਕਾਸਟ, ਸ਼ਡਿਊਲ ਟਰਾਇਬਾਂ ਦੇ ਕੰਮ ਨੂੰ ਹਦਾਇਤਾਂ ਮੁਤਾਬਕ ਪਿਛੇ ਪਾ ਦਿਓ।

17) ਭਗਵਾਨ ਰਾਮ ਦੇ ਵੱਧ ਤੋਂ ਵੱਧ ਸਟਿੱਕਰ, ਕੈਲਿੰਡਰ, ਪੈਂਫ਼ਲਿਟ ਤਿਆਰ ਕਰੋ। ਰਾਮ ਕਥਾ ਅਤੇ ਰਾਮ ਭਜਨ ਵੱਧ ਤੋਂ ਵੱਧ ਕਰਵਾਓ।

18) ਅਵਰਨਾਂ ਅਤੇ ਦਲਿਤਾਂ ਦੇ ਅੰਧ ਵਿਸ਼ਵਾਸ ਨੂੰ ਬੜ੍ਹਾਵਾ ਦਿਓ। ਇਸ ਕੰਮ ਲਈ ਸਾਧੂਆਂ ਅਤੇ ਬਾਬਿਆਂ ਦੀ ਵਧੇਰੇ ਵਰਤੋਂ ਕਰੋ।

19) ਜੈਨੀਆਂ, ਬੋਧੀਆਂ ਅਤੇ ਸਿੱਖਾਂ ਦਾ ਹਿੰਦੂਕਰਣ ਜਾਰੀ ਰੱਖੋ। ਜੈਨ ਮੰਦਰਾਂ ਵਿੱਚ ਵੱਧ ਤੋਂ ਵੱਧ ਰਾਮ ਦੀ ਪੂਜਾ ਕਰਵਾਓ। ਪਟਨੇ ਪਾਠ (Code Word) ਦਾ ਵੱਧ ਤੋਂ ਵੱਧ ਪ੍ਰਚਾਰ ਕਰੋ। ਵਿਕਾਸ ਬਾਰੇ ਮੁੱਖ ਦਫ਼ਤਰ ਨੂੰ ਜਾਣੂ ਕਰਵਾਓ।

20) ਅਵਰਨਾਂ ਅਤੇ ਸ਼ੂਦਰਾਂ ਵਿੱਚ ਕਮਿਊਨਿਜ਼ਮ ਵਿਰੁੱਧ ਪ੍ਰਚਾਰ ਜਾਰੀ ਰੱਖੋ।

21) ਮੰਡਲ ਵਿਰੋਧੀ ਅੰਦੋਲਨ ਹਾਲੇ ਬੰਦ ਕਰ ਦਿਓ।

22) ਕੂਟਨੀਤੀ ਵਰਤ ਕੇ ਅਵਰਨਾਂ ਅਤੇ ਦਲਿਤਾਂ ਦੀਆਂ ਵੱਖ ਵੱਖ ਜਾਤਾਂ ਵਿਚਾਲੇ ਫ਼ਸਾਦ ਕਰਵਾਏ ਜਾਣ।

23) ਅੰਬੇਦਕਰ ਦੇ ਬੁੱਤਾਂ ਤੇ ਹਮਲੇ ਜਾਰੀ ਰੱਖੇ ਜਾਣ ਅਤੇ ਨੁਕਸਾਨ ਪਹੁੰਚਾਇਆ ਜਾਵੇ।

24) ਚਾਣਕੀਆ ਨੀਤੀ ਜਾਰੀ ਰੱਖੋ।

25) ਕਿਸੇ ਸ਼ਰਤ ਬਿਨਾਂ ਅਵਰਨਾਂ ਅਤੇ ਅੰਬੇਦਕਾਰੀਆਂ ਵਿਰੁੱਧ ਗਾਂਧੀਵਾਦ ਦੀ ਵਰਤੋਂ ਕਰੋ। ਲੜਕੀਆਂ ਦੇ ਗੁਪਤ ਅੰਗਾਂ ਦਾ ਵਿਖਾਵਾ, ਚੁੰਮੇ ਅਤੇ ਫ਼ੋਟੋਗ੍ਰਾਫ਼ੀ ਦੀ ਵਰਤੋਂ ਕਰੋ। ਹਲਕੇ ਨਸ਼ਿਆਂ ਦੀ ਵਰਤੋਂ ਕਰੋ।

26) ਆਦੀਵਾਸੀਆਂ ਅਤੇ ਅਵਰਨਾਂ ਦੀ ਪੌਸ਼ਟਿਕ ਤੱਤਾਂ ਦੀ ਘਾਟ ਵਾਲੀ ਖ਼ੁਰਾਕ ਜਾਰੀ ਰੱਖੋ। ਸ਼ਰਾਬ ਵਿੱਚ ਜ਼ਹਿਰ ਦੀ ਵਰਤੋਂ ਦੱਸੇ ਅਨੁਸਾਰ। ਖਾਣੇ ਦੀ ਜ਼ਹਿਰ ਅਤੇ ਸਹਿਜੇ ਅਸਰ ਕਰਨ ਵਾਲੀ ਜ਼ਹਿਰ ਦੀ ਵਰਤੋਂ ਜਾਰੀ ਰੱਖੋ।

27) ਅਖ਼ਬਾਰਾਂ ਤੇ ਨਿਅੰਤਰਣ ਵਿੱਚ ਵਾਧਾ। ਮੁਸਲਿਮ ਵਿਰੋਧੀ ਅਤੇ ਮੰਡਲ ਵਿਰੋਧੀ ਲਿਖਤਾਂ ਵਿੱਚ ਵਾਧਾ। ਹਿੰਦੂ ਪੱਖੀ ਅਤੇ ਭਗਵਾਨ ਰਾਮ ਪੱਖੀ ਲਿਖਤਾਂ ਵਿੱਚ ਵਾਧਾ। ਸਥਾਨਕ ਅਖ਼ਬਾਰਾਂ ਦੇ ਸੰਪਾਦਕਾਂ ਨੂੰ ਹਿੰਦੂਤਵ ਦੇ ਹੱਕ ਵਿੱਚ ਪ੍ਰੇਰਿਆ ਜਾਵੇ।

28) ਮੁਸਲਿਮ ਕਮਿਊਨਿਟੀ 'ਚੋਂ ਮੁਸਲਿਮ ਵਿਰੋਧੀ ਲਿਖਣ ਵਾਲੇ ਅਤੇ ਦਲਿਤਾਂ 'ਚੋਂ ਮੰਡਲ ਵਿਰੋਧੀ ਲਿਖਾਰੀਆਂ ਨੂੰ ਪ੍ਰੇਰਿਆ ਜਾਵੇ ਅਤੇ ਉਨ੍ਹਾਂ ਨੂੰ ਆਪਣੀ ਸਿਆਸੀ ਪਾਰਟੀ ਵਿੱਚ ਸ਼ਾਮਲ ਹੋਣ ਲਈ ਪਰੇਰਿਆ ਜਾਵੇ। ਉਨ੍ਹਾਂ ਦੀ ਚੋਣ ਦੱਸੇ ਹੋਏ ਢੰਗ ਨਾਲ ਕੀਤੀ ਜਾਵੇ।

29) ਵਿਸਲਾਂ ਵਜਾਉਣ ਵਾਲੇ ਕੋਡ ਜਾਰੀ ਰੱਖੋ।

30) ਨਕਲੀ ਧਰਮ ਵਾਲੇ ਸਿੱਕੇ ਦੀ ਵਰਤੋਂ ਕੀਤੀ ਜਾਵੇ।

31) ਜੌਹਰੀਆਂ, ਵਿਓਪਾਰੀਆਂ ਅਤੇ ਬੈਂਕਰਾਂ ਨੂੰ ਹਦਾਇਤ ਕੀਤੀ ਜਾਵੇ ਕਿ ਉਹ ਗ਼ੈਰ ਹਿੰਦੂਆਂ ਨੂੰ ਲੁੱਟਣ ਦੀ ਨੀਤੀ ਦਾ ਪ੍ਰਯੋਗ ਕਰਨ।

32) ਗ਼ੈਰ ਹਿੰਦੂਆਂ ਅਤੇ ਹਿੰਦੂ ਵਿਰੋਧੀਆਂ, ਬ੍ਰਾਹਮਣ ਵਿਰੋਧੀਆਂ ਦੀਆਂ ਕਾਰਵਾਈਆਂ ਤੇ ਨਿਗ੍ਹਾ ਰੱਖੋ ਅਤੇ ਉਨ੍ਹਾਂ ਬਾਰੇ ਮੁੱਖ ਦਫ਼ਤਰ ਨੂੰ ਜਾਣੂ ਕਰਵਾਓ।

33) ਹਿੰਦੂ ਵਿਰੋਧੀਆਂ ਅਤੇ ਬ੍ਰਾਹਮਣ ਵਿਰੋਧੀਆਂ ਦੇ ਕਤਲ ਜਾਰੀ ਰੱਖੋ। ਲਾਸ਼ਾਂ ਦਾ ਭੁਗਤਾਨ ਦੱਸੇ ਹੋਏ ਢੰਗ ਨਾਲ।

34) ਵਾਲੰਟੀਅਰਾਂ ਦੀ ਪੂਰਨਮਾਸ਼ੀ ਤੇ ਮੀਟਿੰਗ ਜਾਰੀ ਰੱਖੀ ਜਾਵੇ।

ਜੈ ਸ਼ਿਰੀ ਰਾਮ 411/RO 3003 H/ RSS CO3

(ਧੰਨਵਾਦ ਸਹਿਤ - ਚੜ੍ਹਦੀ ਕਲਾ ਕੈਨੇਡਾ ਜੁਲਾਈ 5-11, 2000)

'ਨੀਲੀ ਪੀਲੀ ਰਹਿਣ ਨੀ ਦੇਣੀ, ਸਤਿ ਸ੍ਰੀ ਅਕਾਲ ਕਹਿਣ ਨੀ ਦੇਣੀ।'
'ਰਾਮ ਰਾਮ ਕਹੋ, ਜਿਥੇ ਮਰਜ਼ੀ ਰਹੋ।'
'ਕਛ, ਕੜਾ, ਕਿਰਪਾਨ, ਸਿੱਖੋਂ ਕੋ ਭੇਜੋ ਪਾਕਿਸਤਾਨ।'

ਉਪਰਲੀਆਂ ਨਾਪਾਕ ਸਕੀਮਾਂ ਰਾਹੀਂ ਅਤੇ ਉਪਰਲੇ ਨਾਅਰੇ ਲਾ ਕੇ ਸਿੱਖੀ ਦੀ ਫੱਟੀ ਪੋਚਣ ਵਾਲੀਆਂ ਫ਼ਾਸ਼ੀ ਜਮਾਤਾਂ - ਆਰ.ਐਸ.ਐਸ.ਤੇ ਜਨਸੰਘੀਆਂ ਨੂੰ ਪ੍ਰਕਾਸ਼ ਸਿੰਘ ਬਾਦਲ ਨੇ ਕਰੋੜਾਂ ਰੁਪਏ ਸਰਕਾਰੀ ਖ਼ਜ਼ਾਨੇ ਵਿੱਚੋਂ ਖ਼ਾਲਸੇ ਦਾ 300ਵਾਂ ਜਨਮ ਦਿਹਾੜਾ ਮਨਾਉਣ ਲਈ ਦਿਵਾਏ ਸਨ। ਧੰਨ ਪ੍ਰਕਾਸ਼ ਸਿੰਘ ਬਾਦਲ ਤੇ ਧੰਨ ਉਹਦੀ ਡੋਗਰਾ ਸੋਚ ਜਿਸ ਠੀਕਰੀਆਂ ਬਦਲੇ ਪੰਥ ਨੂੰ ਕਾਤਲਾਂ ਤੇ ਕਸਾਈਆਂ ਦੀ ਝੋਲੀ ਵਿੱਚ ਪਾਇਆ। ਰੱਬ ਹੀ ਰਾਖਾ ਮੇਰੀ ਕੌਮ ਦਾ! ਪਰ ਪੰਥ ਦੋਖੀ ਇਹ ਚੇਤੇ ਰੱਖ ਲੈਣ ਕਿ ਸਿੱਖ ਕੌਮ ਨੂੰ ਨਾ ਅਜ ਤਕ ਕੋਈ ਮਾਰ ਸਕਿਆ ਹੈ ਅਤੇ ਨਾ ਮਾਰ ਸਕੇਗਾ।

ਅੱਜ ਸਿੱਖ ਗ਼ੁਲਾਮ ਹਨ, ਬੇਚੈਨ ਹਨ, ਬਾਗ਼ੀ ਹਨ, ਆਪਣੀ ਅਜ਼ਾਦ ਹਸਤੀ ਲਈ ਲੜ ਰਹੇ ਹਨ, ਲੜਨਗੇ, ਬਾਰ ਬਾਰ ਲੜਨਗੇ, ਉਦੋ ਤਕ 'ਨਿਸਚੇ ਕਰ ਅਪਨੀ ਜੀਤ ਕਰੋਂ' ਦੇ ਜੈਕਾਰਿਆਂ ਦੀਆਂ ਗੂੰਜਾਰਾਂ ਪਾਉਂਦੇ ਰਹਿਣਗੇ, ਜਦੋਂ ਤਕ ਕਿ ਖ਼ਾਲਿਸਤਾਨ ਅਜ਼ਾਦ ਨਹੀਂ ਕਰਾ ਲੈਂਦੇ। ਸਾਡੀ ਹੱਕ ਤੇ ਸੱਚ ਦੀ ਫ਼ਤਿਹ ਹੋ ਕੇ ਰਹਿਣੀ ਹੈ। ਇਹ ਇਲਾਹੀ ਫ਼ੁਰਮਾਨ ਹੈ -

1) 'ਜਿਸਦੈ ਹੋਵੈ ਵਲਿ ਸੁ ਕਦੇ ਨਾ ਹਾਰਦਾ॥'
2) 'ਸਚਾ ਸਾਹਿਬੁ ਸਚੁ ਨਿਆਉ ਪਾਪੀ ਨਰ ਹਾਰਦਾ॥'

ਖ਼ਾਲਿਸਤਾਨ ਜ਼ਿੰਦਾਬਾਦ!
ਵਾਹਿਗੁਰੂ ਜੀ ਕਾ ਖ਼ਾਲਸਾ
ਵਾਹਿਗੁਰੂ ਜੀ ਕੀ ਫ਼ਤਿਹ।

Guru Nanak - The Divine Messenger

Born on: 1469 AD
Born to: Father- Mehta Kalayan Das
Mother Mata Tripta
Born at: Place of birth Talwandi Rai Bhoe (Nanakana Sahib) now in Pakistan.
Kith & Kin: Guru Ke Mahal Bibi Sulakhni
Children: 1) Baba Sri Chand
2) Baba Lakhmi Das
Sister: Bibi Nanaki
Joti Jot Samae: 1539 AD
Bani:In Guru Granth Sahib 947 Hymns in 19 Ragas.
Udasis: Four famous travels - Over 45000 miles covered in 24 years - India and neighbouring countries.

His divine message in brief

1) There is one and only one God.
2) We should pray to Him and Him alone.
3) Remember God at all times and at all places.
4) Do honest hard work, earn your living by honest means and share your earnings with others.
5) Be true in thoughts, words and deeds.
6) All- Black, white, brown etc.- are equal before God.
7) Women are as good as men.
8) Pray for the good of all living being and not only for yourself.
9) Be kind to all living beings.
10) Fear not anybody and frighten not anybody.
11) We should judge a person by what he does and not by the family he is born into.
12) Be kind, true and humble.
13) Do not take what is not yours.
14) Share your good things with others.
15) Give up greed, anger and pride.
16) One who conquers the mind conquers the world.
17) Sing and make others to sing the praises of God.
18) All human beings are children of One God and only one God.